ਮਾਸਕ ਪੱਤਰ

# ਅਜੂਨੀ

ਅਕਤੂਬਰ ਨਵੰਬਰ 1972

## ਗੁਰੂ ਨਾਨਕ ਅੰਕ

ਸਤਿਗੁਰੁ ਨਾਨਕ ਪ੍ਰਗਟਿਆ
ਮਿਟੀ ਧੁੰਦ ਜਗੁ ਚਾਨਣੁ ਹੋਆ
ਆਪੁ ਨਾਰਾਇਣੁ ਕਲਾ ਧਾਰਿ
ਜਗੁ ਮਹਿ ਪਰਵਰਿਓ ।

oo

ਸੂਰਜ-ਬੰਸੀ
**ਗੁਰੂ ਨਾਨਕ**
ਦੇ ਅਵਤਾਰ ਦਿਹਾੜੇ ਦੀ
ਸੰਗਤਾਂ ਨੂੰ
ਵਧਾਈ । ਵਧਾਈ ।। ਵਧਾਈ ।।।

oo

ਸਿਖ ਕੌਮ ਦੇ ਬਾਨੀ-ਮਬਾਨੀ
ਸਤਿਗੁਰੂ ਨਾਨਕ ਦੇਵ ਜੀ
ਅਸਲ ਟੋਪੀ ਤੇ ਸੇਲ੍ਹੀ
ਦੇ ਸਰੂਪ ਵਿਚ ।
ਗੁਰੂ ਗੋਬਿੰਦ ਸਿੰਘ ਸਾਹਿਬ
ਇਸ ਸੇਲ੍ਹੀ ਟੋਪੀ ਦਾ ਸਤਿਕਾਰ
ਕਰਦੇ 500 ਰੁਪਿਆ ਤੇ ਘੋੜੇ
ਦੁਸ਼ਾਲੇ, ਬੇਦੀ ਸਾਹਿਬਜ਼ਾਦਿਆਂ
ਨੂੰ ਭੇਟਾ ਕਰਦੇ ਸਨ । ਇਸ
ਲਈ ਇਸ ਸੰਪ੍ਰਦਾਇਕ ਚਿਨ੍ਹ
ਬਗੈਰ ਆਪ ਦੀ ਤਸਵੀਰ
ਨਾ-ਮੁਕੰਮਲ ਹੁੰਦੀ ਹੈ ।



## ਗੁਰੂ ਨਾਨਕ ਨਿਰੰਕਾਰੀ ਪਾਤਸ਼ਾਹ, ਆਪਣੇ ਸਪੁੱਤਰਾਂ ਦੇ ਨਾਲ




ਬਾਬਾ ਸ੍ਰੀਚੰਦ ਜੀ॥ ਸ੍ਰੀ ਗੁਰੂ ਨਾਨਕ ਦੇਵ ਜੀ॥ ਬਾਬਾ ਲਖਮੀਦਾਸ ਜੀ॥

## ਲੇਖ-ਸੂਚੀ


| | | | |
|---|---|---|---|
| 1. | ਮਘਰ ਮਹੀਨਾ | ਬਾਰਹਮਾਹ ਮਾਝ ਵਿਚੋਂ | 1 |
| 2. | ਸੰਪਾਦਕੀ | ਸੰਪਾਦਕ | 2 |
| 3. | ਗੁਰੂ ਨਾਨਕ ਆਗਮਨ | ਗਿਆਨੀ ਗੁਪਾਲ ਸਿੰਘ ਮਿੱਤਰ | 5 |
| 4. | ਗੁਰੂ ਨਾਨਕ ਅਤੇ ਉਨ੍ਹਾਂ ਦੇ ਪ੍ਰਸਿਧ ਸਿਖ | ਭਾਈ ਗੁਰਦਾਸ ਜੀ | 6 |
| 5. | ਗੁਰੂ ਨਾਨਕ ਦਾ ਦਰ (ਕਵਿਤਾ) | ਸ. ਬਲਵੰਤ ਸਿੰਘ ਨੂਰ | 11 |
| 6. | ਬਾਬਾ ਸਾਹਿਬ ਸਿੰਘ ਜੀ (ਕਵਿਤਾ) | ਸ. ਕਲਿਆਨ ਸਿੰਘ ਪੰਛੀ | 12 |
| 7. | ਗੁਰੂ ਨਾਨਕ ਅਤੇ ਨਾਨਕ ਪੰਥੀ— | ਡਾ. ਗੰਡਾ ਸਿੰਘ ਜੀ | 14 |
| 8. | ਬਾਬਾ ਬਿਕ੍ਰਮਾ ਸਿੰਘ ਜੀ (ਕਵਿਤਾ) | ਗਿਆਨੀ ਦਇਆ ਸਿੰਘ ਦਿਲਬਰ | 22 |
| 9. | ਪੰਜਵਾਂ ਆਸ਼੍ਰਮ ਭਾਗ— | ਖਾਲਸਾ ਧਰਮ ਸ਼ਾਸਤਰ | 23 |
| 10. | ਇਤਿਹਾਸ ਬਾਬਾ ਸਾਹਿਬ ਸਿੰਘ ਜੀ ਬੇਦੀ | ਡਾ. ਗੰਡਾ ਸਿੰਘ ਜੀ | 33 |
| 11. | ਧੰਨ ਧੰਨ ਬਾਬਾ ਸਾਹਿਬ ਸਿੰਘ ਜੀ, | 'ਸੋਹੀ' ਨਾਭਾ— | 36 |
| 12. | ਗੁਰੂ ਨਾਨਕ ਜੀ ਦਾ ਵਿਆਹ— | ਜਨਮ ਸਾਖੀ ਮੇਹਰਬਾਨ ਜੀ ਸੋਢੀ | 37 |
| 13. | ਸੰਪ੍ਰਦਾਇਕ ਸਮਾਚਾਰ ਤੇ ਡਾਕ ਚਿਠੀਆਂ ਆਦਿ | | 50 |

# ਗੁਰ ਕੀ ਮੂਰਤ



ਸ੍ਰੀ ਮਾਨ ਸੰਤ ਨੰਦ ਸਿੰਘ ਜੀ ਨਾਨਕਸਰ ਵਾਲੇ, ਇਸ ਦ੍ਰਿਸ਼ ਵਿਚ ਗੁਰੂ ਨਾਨਕ ਪਾਤਸ਼ਾਹ
ਦੇ ਦਰਸ਼ਨ ਕਰਦੇ ਸਨ ਤੇ ਆਪਣੇ ਸੇਵਕਾਂ ਪਾਸੋਂ, ਪੂਜਾ ਕਰਵਾਂਦੇ ਹਨ।

## ਸ੍ਰੀ ਗੁਰੂ ਨਾਨਕ ਪਾਤਸ਼ਾਹ



ਤਿਬਤੀ ਜਨਤਾ ਆਪਣਾ ਸਤਵਾਂ ਅਵਤਾਰ ਜਾਣ ਇਸ ਸਰੂਪ ਵਿਚ ਪੂਜਾ ਕਰਦੀ ਹੈ।

## ਗੁਰੂ ਨਾਨਕ ਦੇਵ ਜੀ



ਆਪ ਦੀ ਇਸ ਵੇਸ ਵਿਚ ਪਠਾਣ ਪੂਜਾ ਕਰਦੇ ਹਨ। ਇਕ ਅੰਗ੍ਰੇਜ਼ ਵਿਦਵਾਨ ਮੈਕਾਲਿਫ ਸਾਹਿਬ ਨੇ ਸਿਖ ਇਤਹਾਸ ਲਿਖਕੇ ਇਹ ਫ਼ੋਟੋ ਨਾਲ ਛਾਪੀ ਸੀ।

ਬਾਬਾ ਮਧੁਸੂਦਨ ਸਿੰਘ ਜੀ ਬੇਦੀ
ਗੱਦੀ ਨਸ਼ੀਨ, ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ ਦੀ
ਸਰਪ੍ਰੱਸਤੀ ਹੇਠ ਛਪਣ ਵਾਲਾ

ਮਾਸਕ ਪੱਤਰ **ਅਜੂਨੀ** ਮਨਸੂਰਾਂ (ਲੁਧਿਆਣਾ)

# ਗੁਰੂ ਨਾਨਕ ਅੰਕ

ਸਾਲ ੪ | ਅਕਤੂਬਰ-ਨਵੰਬਰ, ੧੯੭੨ | ਅੰਕ ੨-੩

੧ ਮਘਰ, ਸੰਮਤ ਬਿਕ੍ਰਮੀ ੨੦੨੯, ਨਾਨਕਸ਼ਾਹੀ ੫੦੪

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

# ਸੰਪਾਦਕੀ

(ਵਲੋਂ ਸ੍ਰੀ ਹਜ਼ੂਰ ਬਾਬਾ ਮਧੂਸੂਦਨ ਸਿੰਘ ਜੀ ਬੇਦੀ ਗੱਦੀ ਨਸ਼ੀਨ)

ਕਿਧਰੇ ਕੁਝ ਨੌਜਵਾਨ ਵਿਦਿਆਰਥੀ, ਬੇਦਿਲ ਤੇ ਦੁਖੀ ਹੋ ਕੇ, ਭਲੇ ਬੁਰੇ ਦੀ ਸਮਝ ਤੋਂ ਪਰੇ ਹੋਕੇ ਕੁਝ ਸਾੜ ਰਹੇ ਹਨ, ਕੁਝ ਫੂਕ ਰਹੇ ਹਨ, ਕਿਧਰੇ ਉਸਤਾਦ ਜੋ ਤਾਲੀਮ ਬਖਸ਼ਨ ਵਾਲੇ ਹਨ, ਭੁਖ ਹੜਤਾਲਾਂ ਕਰ ਰਹੇ ਹਨ, ਕਿਧਰੇ ਭਾਸ਼ਾ ਦੇ ਝਗੜੇ ਹੇਠ ਦੁਨੀਆਂ ਪਾਗ਼ਲ ਹੋ ਰਹੀ ਹੈ ਤੇ ਹਕੂਮਤ ਦੀ ਵਿਰੋਧਤਾ ਵਿਚ ਮਸਤ ਹੋ ਆਪਣੀਆਂ ਜਾਨਾਂ ਗੰਵਾ ਰਹੀ ਹੈ, ਕਿਧਰੇ ਸਾਡੀ ਹਕੂਮਤ ਅਜੇਹੇ ਕਰਮਚਾਰੀਆਂ ਨੂੰ ਡੰਡ ਦੇਨ ਵਿਚ ਪੁਲਸ ਤੇ ਮਿਲਟਰੀ ਦੇ ਜੁਆਨਾਂ ਰਾਹੀਂ ਜ਼ੋਰ ਦੀ ਵਰਤੋਂ ਕਰ ਰਹੀ ਹੈ, ਕਿਧਰੇ ਇਕ ਮੁਲਕ ਦੂਜੇ ਤੇ ਚੜ੍ਹਾਈ ਕਰ ਰਿਹਾ ਹੈ, ਤੇ ਹਜ਼ਾਰਾਂ ਬੇਗੁਨਾਹ ਮੌਤ ਦੇ ਮੂੰਹ ਉਤਾਰ ਦਿਤੇ ਜਾਂਦੇ ਹਨ, ਕਿਧਰੇ ਹਵਾਈ ਜਹਾਜ਼ ਗਿਰਨ ਨਾਲ ਸੈਂਕੜੇ ਆਦਮੀ ਮਰ ਰਹੇ ਹਨ, ਇਸ ਦਾ ਹਲ ਲਭਣ ਲਈ ਮਨ-ਮਤੀਏ ਆਪੋ ਆਪਣੀ ਮਤ ਅਨੁਸਾਰ ਹਲ ਸੋਚ ਰਹੇ ਹਨ ਤੇ ਨਿਤ ਅਖਬਾਰਾਂ ਰਾਹੀਂ ਹਾਲ ਛਪਵਾ ਰਹੇ ਹਨ, ਹਰ ਕੋਈ ਆਪੋ ਆਪਣੀ Ideology ਨੂੰ ਸਚ ਕਰ ਜਾਣਦਾ ਹੈ ਤੇ ਦੂਸਰੇ ਦੀ ਮਨ-ਮਤ ਦੇ ਖਿਆਲ ਨੂੰ ਗਲਤ ਕਰ ਦਿਖਾ ਰਿਹਾ ਹੈ—ਕੋਈ ਨਹੀਂ ਆਖਦਾ—

"ਪ੍ਰਮੇਸ਼ਰ ਤੋਂ ਭੁਲਿਆਂ ਵਿਆਪਨ ਸਭੇ ਰੋਗ।
ਬੇਮੁਖ ਹੋਏ ਰਾਮ ਤੇ ਲਗਣ ਜਨਮ ਵਿਜੋਗ।
ਖਿਨ ਮੈਂ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ।
ਵਿਚੁ ਨਾ ਕੋਈ ਕਰ ਸਕੈ ਕਿਸਥੈ ਰੋਵੈ ਰੋਜ"

ਅਨੇਕਾਂ ਹੀ ਧਰਮ ਦੁਨੀਆਂ ਵਿਚ ਪ੍ਰਸਿੱਧ ਹਨ ਜਿਨ੍ਹਾਂ ਨੇ ਨਗਰ ਨਗਰ ਵਿਖੇ ਮੰਦਰ, ਮਸਜਿਦਾਂ, ਗੁਰਦੁਆਰੇ ਬਣਾ ਦੁਨੀਆਂ ਨੂੰ ਇਕਾਗਰ ਕੀਤਾ ਹੈ ਤੇ ਕੋਈ ਮੁਲਕ ਖਾਲੀ ਨਹੀਂ ਜਿਥੇ ਅਜਿਹੇ ਅਸਥਾਨ ਨਾ ਹੋਣ, ਪਰ—ਸੰਤੋਖ ਫੇਰ ਨਹੀਂ, ਜਿਸ ਦਾ ਹਾਲ ਫਰੀਦ ਜੀ ਨੇ ਗੁਰਬਾਣੀ ਵਿਚ ਇੰਜ ਵਰਣਨ ਕੀਤਾ ਹੈ—

"ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀ
ਫਰੀਦਾ ਦੇਖ ਪਰਾਈ ਚੋਪੜੀ ਨਾ ਤਰਸਾਈਂ ਜੀ"

ਗੁਰਬਾਣੀ ਵਿਚ ਗੁਰੂ ਨਾਨਕ ਪਾਤਸ਼ਾਹ ਫੁਰਮਾਂਦੇ ਹਨ।

"ਮੇਰਾ ਮੁਝ ਮੈਂ ਕੁਛ ਨਹੀਂ, ਜੋ ਕੁਛ ਹੈ ਸੋ ਤੇਰਾ,
ਤੇਰਾ ਤੁਝ ਕਉ ਸੌਂਪਤੇ ਕਿਆ ਲਾਗੈ ਮੇਰਾ"

ਹਰ ਧਰਮ ਨੇ ਮਾਇਆ ਨੂੰ ਝੂਠਾ ਆਖਿਆ ਹੈ, ਗੁਰਬਾਣੀ ਵਿਚ ਨਾਗਨ ਕਹਿਕੇ ਪੁਕਾਰਿਆ ਹੈ।

"ਮਾਇਆ, ਮਮਤਾ, ਮੋਹਣੀ
ਜਿਨ ਵਿਣੁ ਦੰਤਾਂ ਜਗ ਖਾਇਆ।
(ਪਰ) ਮਨਮੁਖ ਖਾਧੇ, ਗੁਰਮੁਖ ਉਬਰੇ......

ਤੇ ਮਾਇਆਧਾਰੀ ਨੂੰ ਫੁਰਮਾਉਂਦੇ ਹਨ—

ਕਾਚਾ ਧਨ ਸੰਚੈ ਮੂਰਖ ਗਾਵਾਰ ।
ਮਨ-ਮੁਖ ਭੂਲੇ ਅੰਧ ਗੁਬਾਰ ।
ਬਿਖਿਆ ਕੈ ਧਨ ਸਦਾ ਦੁਖ ਹੋਇ ।
ਨਾ ਸਾਥ ਜਾਇ ਨਾ ਪ੍ਰਾਪਤ ਹੋਇ ।
ਸਾਚਾ ਧਨ ਗੁਰਮਤੀ ਪਾਏ ।
ਕਾਚਾ ਧਨ ਫੁਨ ਆਵੈ ਜਾਏ ।

ਸਭ ਕੁਝ ਹੁੰਦਿਆਂ ਹੋਇਆਂ ਪਹਿਰਾ ਹੈ ਨਾਸਤਕਤਾ ਦਾ, ਮੁਖ ਹੈ ਮਾਇਆ, ਮਾਦਾ-ਪ੍ਰਸਤੀ; ਕਾਰਨ ਕਲਪਣਾ, ਭਟਕਣਾ ਤੇ ਸੰਤੋਖ, ਉਹ ਸਾਥੋਂ ਬਹੁਤ ਦੂਰ ਹੈ, ਕਿਉਂਕਿ ਅਸੀਂ ਹੋ ਗਏ ਮਨਮੁਖ ਤੇ ਸਾਨੂੰ ਇਹ ਵਸਤੂਆਂ ਖਾਂਦੀਆਂ ਜਾ ਰਹੀਆਂ ਹਨ ਤੇ ਅੰਧ ਗੁਬਾਰ ਵਿਚ ਭੁਲੇ ਹੋਏ ਫਿਰਦੇ ਹਾਂ, ਨਿਸ਼ਾਨਾ ਕੋਈ ਨਹੀਂ, ਜਿਸ ਚੀਜ਼ ਦੀ ਪ੍ਰਾਪਤੀ ਦੀ ਇਛਾ ਹੈ, ਸੋ ਹੈ ਨਾਸ਼ਵੰਤ, ਤੇ ਰਹਿਣ ਵਾਲੀਆਂ ਪਾਤਸ਼ਾਹ ਫੁਰਮਾਉਂਦੇ ਹਨ—

"ਨਾਮ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦ ।
ਕਹੁ ਨਾਨਕ ਇਹ ਜਗਤ ਮੈ
ਕਿਨ ਜਪਿਓ ਗੁਰ ਮੰਤੁ ।"

ਸੋ ਸਦਾ ਰਹਿਣ ਵਾਲੀਆਂ ਵਸਤੂਆਂ ਹੋਈਆਂ—

(1) ਨਾਮ (2) ਸਾਧੂ
(3) ਗੁਰੂ (4) ਗੋਬਿੰਦ
(5) ਜਿਨ ਜਪਿਓ ਗੁਰਮੰਤੁ

ਜੁਗੋ ਜੁਗ ਨਿਗਾਹ ਮਾਰੋ, ਹਰ ਧਰਮ ਵਿਚ ਐਸੀਆਂ ਵਿਅਕਤੀਆਂ ਹਨ ਜੋ ਝੂਠੀ ਦੁਨੀਆਂ ਵਲੋਂ ਮੂੰਹ ਮੋੜ-ਦੀਆਂ ਹਨ ਤੇ ਸਚ ਵਸਤੂਆਂ ਦੀਆਂ ਪੁਜਾਰੀ ਬਣ ਜਾਂਦੀਆਂ ਹਨ ਤਾਂ ਉਨ੍ਹਾਂ ਦੀ ਜ਼ਿੰਦਗੀ ਸੁਖਾਲੀ ਸੰਤੋਖ ਵਿਚ ਬੀਤਦੀ ਹੈ । ਕੀ ਇਨ੍ਹਾਂ ਨੂੰ ਇਜ਼ਤ, ਮਾਨ, ਧਨ ਦੀ ਕਮੀ ਰਹਿ ਜਾਂਦੀ ਹੈ ? ਜਿਸ ਲਈ ਅਸੀਂ ਕੁਲ ਭਟਕਣਾ ਤੇ ਕਲਪਨਾ ਲਾਈ ਬੈਠੇ ਹਾਂ । ਇਕ ਜੀਵਨ ਸੰਤ ਨੰਦ ਸਿੰਘ ਜੀ ਦਾ ਹੈ, ਜਾਤੀ ਦੇ ਤ੍ਰਖਾਨ ਸਨ, ਪਰ ਆਪ ਨਾਮ ਜਪਦੇ ਸਨ ਤੇ ਦੁਨੀਆਂ ਨੂੰ ਜਪਾਉਂਦੇ ਸਨ, ਆਪਣਾ ਧਨ, ਮਹਿਲ, ਮਾੜੀਆਂ, ਜਾਇਦਾਦ ਤਿਆਗੀ, ਕੀ ਕੋਈ ਕੰਮੀ ਰਹੀ ? ਨਾ, ਅਜ ਸਚ ਪੁਛੋ ਤਾਂ ਆਪ ਤਾਂ ਇਕ ਪਾਸੇ, ਜਿਸ ਆਪ ਦੀ ਸੰਗਤ ਵੀ ਕੀਤੀ ਓਸ ਨੂੰ ਇਜ਼ਤ, ਮਾਨ, ਧਨ ਦੀ ਕਮੀ ਨਾ ਰਹੀ । ਆਪ ਜਹੇ ਨਾਮੀ ਪੁਰਸ਼ਾਂ ਦਾ ਜੋ ਚੇਲਾ ਬਣ ਬੈਠਾ ਆਪ ਵੀ ਖਾਂਦਾ ਹੈ ਤੇ ਦੂਸਰਿਆਂ ਨੂੰ ਵੀ ਖੁਆਲਦਾ ਹੈ, ਪਰ ਕਮੀ ਨਹੀਂ ਆਉਂਦੀ, ਤਾਂ ਫਿਰ ਸਚ ਹੋਇਆ ਨਾ—

ਸੰਤਾ ਕੇ ਕਾਰਜ ਆਪ ਖਲੋਆ
ਹਰ ਕੰਮ ਕਰਾਵਣ ਆਇਆ ਰਾਮ ।

ਜੁਲਾਈ ਅਗਸਤ ਦੇ ਪਰਚੇ ਵਿਚ ਇਕ ਬਾਬਾ ਸਾਹਿਬ ਸਿੰਘ ਜੀ ਦੀ ਸਾਖੀ ਆਈ ਹੈ ਜੋ ਆਪ ਨੂੰ ਸਰਦਾਰ ਸੰਤੋਖਗੜ੍ਹ ਵਾਲੇ ਨੇ ਆਖਿਆ ਜੋ ਆਪ ਤਾਂ ੩ ਜਣੇ ਹੋ ਤੇ ਘੋੜਾ ੧ ਹੈ, ਕਿਸ ਤਰ੍ਹਾਂ ਗੁਜ਼ਾਰਾ ਹੁੰਦਾ ਹੈ—ਆਪ ਨੇ ਫੁਰਮਾਇਆ ਅਸੀਂ ਸੰਤੋਖ ਦੇ ਘੋੜੇ ਤੇ ਚੜ੍ਹਦੇ ਹਾਂ 'ਇਸ ਤੋਂ ਸੰਤੋਖ ਦੀ ਤਾਲੀਮ ਮਿਲਦੀ ਹੈ, ਧਰਮ ਵਿਚੋਂ', ਜਿਸ ਸਚੇ ਧਰਮ ਪਾਸੋਂ ਅਸੀਂ ਦੂਰ ਜਾ ਰਹੇ ਹਾਂ"

ਜਥਾ ਰਾਜਾ ਤਥਾ ਪਰਜਾ

ਨਾਸਤਕ ਰਾਜੇ ਦਾ ਰਾਜ ਹੈ ਤੇ ਪਰਜਾ ਨੂੰ ਓਸੇ ਰਾਹ ਤੋਰ ਰਿਹਾ ਹੈ, ਨਾ ਕੋਈ ਸਕੂਲਾਂ ਵਿਚ ਧਰਮ ਦੀ ਤਾਲੀਮ ਰਹੀ, ਨਾ ਮਾਤਾ ਪਿਤਾ ਹੀ ਬਖਸ਼ਦੇ ਹਨ ਤੇ ਬਨਾਉਟੀ ਗੁਰੂਆਂ ਦੇ ਅੱਡੇ ਤਾਂ ਝੂਠ ਹੀ ਝੂਠ ਦਾ ਪਸਾਰਾ ਹੈ। ਅਜ ਅਸੀਂ ਜਨਮ ਦਿਹਾੜਾ ਗੁਰੂ ਨਾਨਕ ਪਾਤਸ਼ਾਹ ਦਾ ਮਨਾਵਨ ਦੀਆਂ ਤਿਆਰੀਆਂ ਵਿਚ ਹਾਂ ਤੇ ਅਪਨਾਈਏ ਸਚੇ ਤੇ ਸੁਚੇ ਸਤਿਗੁਰੂ ਨੂੰ—ਗੁਰੂ ਨਾਨਕ ਪਾਤਸ਼ਾਹ ਨੂੰ ਜੋ ਹਾਜ਼ਰ ਨਾਜ਼ਰ ਹੈ, ਜਿਨ੍ਹਾਂ ਦੀ ਆਤਮਾ ਸ੍ਰੀ ਗੁਰੂ ਗਰੰਥ ਸਾਹਿਬ ਸਾਡੇ ਪਾਸ ਮੌਜਦ ਹਨ ਜਿਨ੍ਹਾਂ ਪਾਸੋਂ ਸਾਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ' ਇਹ ਗਿਆਨ ਰੂਪੀ ਬਚਨ ਨਾ ਵਧਦੇ ਹਨ ਤੇ ਨਾ ਘਟਦੇ ਹਨ, "ਪਿਆ ਹੋਵੇ ਖੁਸ਼ੀ ਦਾ ਮੌਕਾ ਤੇ ਪਿਆ ਹੋਵੇ ਗ਼ਮੀ ਦਾ ਮੌਕਾ, ਰਾਜਾ ਹੋਵੇ, ਰੰਕ ਹੋਵੇ, ਅਮੀਰ ਹੋਵੇ, ਗ਼ਰੀਬ ਹੋਵੇ, ਸੋਢੀ ਹੋਵੇ, ਬੇਦੀ ਹੋਵੇ,—ਕਿਸੇ ਕੌਮ ਦਾ ਕਿਸੇ ਮਤ ਦਾ ਕਿਸੇ ਦਾ ਲਿਹਾਜ ਨਹੀਂ ਕਰਦੇ ਸਚ ਆਖ ਦੇਂਦੇ ਹਨ"। ਸਾਨੂੰ ਝੂਠੀ ਖੁਸ਼ਾਮਦ ਦੀ ਝੂਠੀ ਉਪਮਾ ਦੀ ਲੋੜ ਹੁੰਦੀ ਹੈ ਤਦ ਹੀ ਝੂਠੇ ਪਾਖੰਡੀ ਗੁਰੂ ਪਿਛੇ ਫਿਰਦੇ ਹਾਂ।"

ਅਜਹੂ ਕਛੁ ਬਿਗਰਿਓ ਨਹੀਂ ਭਜ ਲਉ ਨਾਮ ਮੁਰਾਰ।

ਗੁਰੂ ਨਾਨਕ ਪਾਤਸ਼ਾਹ ਤੇ ਆਪ ਦੇ ਬਚਨ ਇਨ੍ਹਾਂ ਸਾਰੀਆਂ ਮੁਸੀਬਤਾਂ ਦਾ ਹਲ ਹਨ, ਜੋ ਕਾਨੂੰਨ ਸਾਡੀ ਹਕੂਮਤ ਅਜ ਵਕਤ ਟਪਾਊ ਬਣਾ ਰਹੀ ਹੈ, ਕਚੇ ਹਨ। ਤਦੇ ਦੰਗੇ ਤੇ ਫ਼ਸਾਦ ਹੁੰਦੇ ਹਨ, ਜੇਕਰ ਸਚ ਨੂੰ ਅਪਨਾਈਏ ਤਾਂ ਸਾਡੀਆਂ ਸਾਰੀਆਂ ਮੁਸ਼ਕਲਾਂ ਦਾ ਹਲ ਗੁਰਬਾਣੀ ਹੈ। ਗੁਰੂ ਨਾਨਕ ਪਾਤਸ਼ਾਹ ਨੂੰ ਗੁਰੂ ਜਾਣੋਂ—ਹਰੀ ਦਾ ਨਾਮ ਜਪੋ "ਚੜ੍ਹੇ ਦਿਵਸ ਗੁਰਬਾਣੀ ਗਾਵੈ"— ਬਹਿੰਦਿਆਂ ਉਠਦਿਆਂ ਗ੍ਰਹਸਤ ਦੇ ਕਾਰਜ ਕਰਦਿਆਂ ਹਰੀ ਨਾਮ ਜਪੋ ਤਾਂ ਜੋ ਗੁਰੂ ਨਾਨਕ ਸਾਡੇ ਅੰਗ ਸੰਗ ਹੋਵੈ—ਫੇਰ ਆਪ ਜਪੋ ਤੇ ਅਵਰਾ ਨਾਮ ਜਪਾਵਉ ਜਦ ਸਿਖ ਗੁਰੂ ਨਾਨਕ ਦੇ ਬਣ ਜਾਓ ਤੇ ਜੇ ਇਛਾ ਹੋਵੇ ਤਾਂ ਸਿੰਘ ਸ਼ਹੀਦ ਸਜੋ—ਤੇ ਗੁਰੂ ਨਾਨਕ ਦੇ ਹਰੀ ਦਾ ਧੜਾ ਬਨਾਓ ਜਿਸ ਵਿਚ

"ਏਕ ਊਪਰ ਜਿਸ ਜਨ ਕੀ ਆਸਾ।
ਤਿਸ ਕੀ ਕਟੀਐ ਜਮ ਦੀ ਫਾਸਾ।"

ਦੁਨੀਆਂ ਦੀਆਂ ਸਭ ਆਧੀਆਂ ਬਿਆਧੀਆਂ ਦੂਰ—ਸੰਤੋਖ ਹਿਰਦੇ ਤੇ ਹੋਵੇਗਾ—ਸਤਿਆ ਜੇਬ ਤੇ ਮੇਰੀ ਤੇ ਗੁਰੂ ਨਾਨਕ ਪਾਤਸ਼ਾਹ ਤੇਰੀ ਅਰਦਾਸ ਸੁਣਨਗੇ, ਮੰਨਣਗੇ ਮੁਕਤੀ ਪ੍ਰਾਪਤ ਹੋਵੇਗੀ—ਤੇ ਆਵਨ ਜਾਨ ਮਿਟ ਜਾਵੇਗਾ। ਚੌਰਾਸੀ ਲਖ ਜੂਨੀ ਕਟੀ ਜਾਵੇਗੀ—ਜਨਮ ਜਨਮਾਤਰਾਂ ਦੇ ਦੁਖ ਰੋਗ ਕਟੇ ਜਾਣਗੇ 'ਗੁਰੂ ਨਾਨਕ ਤੇ ਇਮਾਨ ਹੋਵੇਗਾ। ਸਾਰੀ ਸਿਖ ਕੌਮ ਦਾ ਇਕ ਰਸਤਾ ਹੋਵੇਗਾ, ਇਕ (forinidable force) ਬੇ-ਮਿਸਾਲ ਤਾਕਤ ਬਣ ਜਾਵੇਗੀ—ਆਪ ਪਾਸ ਟਕਰਾਣ ਦੀ ਤਾਕਤ ਆ ਜਾਵੇਗੀ—ਤੇ ਫੇਰ ਪ੍ਰਾਪਤੀ ਹਰ ਵਸਤੂ ਦੀ—ਦੁਨੀਆਂ ਦਾ ਹਲ ਇਕ ਹੈ—ਗੁਰੂ ਨਾਨਕ—ਗੁਰੂ ਨਾਨਕ ਗੁਰੂ ਨਾਨਕ ਤੇ ਧੰਨ ਗੁਰੂ ਨਾਨਕ॥


ਸਮੂਹ ਭਾਰਤ ਵਾਸੀਆਂ ਨੂੰ

**ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ**

ਦੇ ਜਨਮ ਦਿਵਸ ਦੀ

ਲੱਖ ਲੱਖ ਵਧਾਈ ਹੋਵੇ

# ਗੁਰੂ ਨਾਨਕ ਆਗਮਨ

ਵਲੋਂ:—ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ (ਗੁੜਗਾਉਂ)

੧.

ਛਾਇਆ ਸੀ ਹਨੇਰ ਕੂੜ ਪਾਪ ਦਾ ਸੰਸਾਰ ਉਤੇ,
ਸ਼ਮਾਦਾਨ ਸੱਚ ਦਾ ਜਿਸ ਆਣ ਕੇ ਜਗਾਇਆ ਸੀ।
ਦੰਭੀ ਦੁਰਾਚਾਰੀਆਂ ਪਖੰਡ ਦੇ ਪੁਜਾਰੀਆਂ ਨੂੰ,
ਚਾਨਣ ਦਿਖਾ ਕੇ ਜਿਸ ਸਿੱਧੇ ਰਾਹ ਪਾਇਆ ਸੀ।
ਕਾਇਆ ਪਲਟ ਦਿਤੀ ਕੌਡੇ ਜਹੇ ਪਾਮਰਾਂ ਦੀ,
ਨਾਮ ਛੱਟਾ ਦੇ ਕੇ ਮੋਈਆਂ ਸੁਰਤਾਂ ਨੂੰ ਜਿਵਾਇਆ ਸੀ।
'ਸਜਣ' ਸੁਧਾਰੇ ਕਈ ਠਗਾਂ ਤੋਂ ਬਣਾਏ ਸੰਤ,
ਘਰ ਘਰ ਜਾ ਕੇ ਝੰਡਾ ਧਰਮ ਦਾ ਝੁਲਾਇਆ ਸੀ।
ਝੁਕ ਗਏ ਤੇਜ ਤੇ ਜਲਾਲ ਦੇਖ ਤੇਜਵੰਸੀ,
ਬਾਬਰ ਜਹੇ ਜਾਬਰਾਂ ਨੇ ਸੀਸ ਆ ਨਿਵਾਇਆ ਸੀ।
ਵੱਲ ਕਢੇ 'ਵਲੀ' ਜਿਹੇ ਮਾਨੀ ਹੰਕਾਰੀਆਂ ਦੇ,
'ਭੂਮੀਏ' ਤੇ 'ਭਾਗੋ' ਜਿਹਾਂ ਤਾਂਈਂ ਭਾਗ ਲਾਇਆ ਸੀ।
ਕੀਤੀ ਜਿਹੜੇ ਪਾਸੇ ਇਕ ਨਜ਼ਰ ਨਿਹਾਲ ਕੀਤਾ,
ਰੇਠਿਆਂ ਤੇ ਅੱਕਾਂ ਵਿਚ ਅੰਮਿਉ ਰਸ ਪਾਇਆ ਸੀ।
ਮਿੱਠਤ ਦਾ ਸੋਮਾ, ਸਹਿਨ ਸ਼ੀਲਤਾ ਦਾ ਪੁੰਜ 'ਮਿਤਰ',
ਅਜ ਦੇ ਦਿਹਾੜੇ ਗੁਰੂ ਨਾਨਕ ਜਗ ਆਇਆ ਸੀ।

੨.

ਜਨਮ ਲੈ ਨਨਕਾਣੇ ਦੀ ਧਰਤ ਉਤੇ, ਗੁਰੂ ਨਾਨਕ ਨੇ ਵਾਹ-ਵਾ ਕਮਾਲ ਕੀਤਾ।
ਉਚ ਨੀਚ ਦੇ ਵਿਤਕਰੇ ਮੇਟ ਕੇ ਤੇ, ਸਾਥੀ ਡੂਮ ਮਰਦਾਨੇ ਨੂੰ ਨਾਲ ਕੀਤਾ।
ਕਰ ਕੇ ਚਾਰ ਉਦਾਸੀਆਂ ਜਗਤ ਅੰਦਰ, ਦੂਰ ਵਹਿਮ ਤੇ ਭਰਮ ਵਬਾਲ ਕੀਤਾ।
ਸਬਕ ਏਕਤਾ, ਪ੍ਰੇਮ, ਪਿਆਰ ਵਾਲੇ, ਦੇ ਕੇ ਸ੍ਰਿਸ਼ਟੀ ਸਾਰੀ ਨੂੰ ਨਿਹਾਲ ਕੀਤਾ।
ਬੁਰੇ ਲੋਕ ਸਮਾਜ 'ਚੋਂ ਨਹੀਂ ਕਢੇ, ਸਗੋਂ ਕਢਿਆ ਮਾਰ ਬੁਰਾਈਆਂ ਨੂੰ।
ਸੁਘੜ ਵੈਦ ਦੇ ਵਾਂਗ ਇਲਾਜ ਕਰਕੇ, ਦਿਲੋਂ ਮਾਰ ਕਢਿਆ ਊਣਤਾਈਆਂ ਨੂੰ।
ਜਿਹੋ ਜਿਹਾ ਸਾਧਨ ਦਿਸਿਆ, ਉਹੋ ਕੀਤਾ, ਕੋਈ ਸੋਧਿਆ ਹਾਸ ਵਿਅੰਗ ਦੇ ਨਾਲ।
ਕਿਤੇ ਅਜ਼ਮਤ ਵਿਖਾ ਕੇ ਰਾਹ ਪਾਏ, ਸੋਧੇ ਹਿਰਦੇ ਕਈ ਨਾਟਕੀ ਢੰਗ ਦੇ ਨਾਲ।
ਕਿਤੇ ਬਾਣੀ ਦਾ ਨਾਦ ਸੁਣਾ ਕੇ ਤੇ, ਰੰਗੀਆਂ ਆਤਮਾਵਾਂ ਰੱਬੀ ਰੰਗ ਦੇ ਨਾਲ।
ਕਾਲਖ ਉਤਰੀ ਜਨਮ ਜਨਮਾਂਤਰਾਂ ਦੀ, ਦਿਲ ਸਾਫ਼ ਕੀਤੇ ਸਿਫ਼ਤ-ਰੰਗ ਦੇ ਨਾਲ।
ਕੀਤੇ ਮਾਣਸ ਤੋਂ ਦੇਵਤੇ ਗੁਰੂ ਨਾਨਕ, ਪਾਰਸ ਆਪ ਸਨ, ਪਾਰਸ ਬਣਾ ਗਏ ਉਹ।
ਦੇਂਦੇ ਰਹਿਣਗੇ ਚਾਨਣ ਸਦੀਵ ਜੱਗ ਨੂੰ, ਜਿਹੜੇ ਰਾਹ 'ਮਿਤਰ' ਰੁਸ਼ਨਾ ਗਏ ਉਹ।

# ਗੁਰੂ ਨਾਨਕ ਅਤੇ ਉਨ੍ਹਾਂ ਦੇ ਪ੍ਰਸਿੱਧ ਸ਼ਰਧਾਲੂ

ਭਾਈ ਗੁਰਦਾਸ

ਵਾਰ ੧

### ਦੇਸ ਦੀ ਧਾਰਮਕ ਹਾਲਤ

ਚਾਰ ਵਰਨ ਚਾਰ ਮਜ਼ਹਬਾਂ ਜਗ ਵਿਚ ਹਿੰਦੂ ਮੁੱਸਲਮਾਣੇ।
ਖ਼ੁਦੀ ਬਖੀਲੀ ਤਕੱਬਰੀ ਖਿੱਚੋਤਾਨ ਕਰੇਨਿ ਧਿਙਾਣੇ।
ਗੰਗ ਬਨਾਰਸ ਹਿੰਦੂਆਂ ਮੱਕਾ ਕਾਬਾ ਮੁਸਲਮਾਣੇ।
ਸੁੰਨਤ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇੰਦੇ ਇਕ ਨਾਮ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇ ਕੇ ਮੋਹੇ ਲਾਲਚ ਦੁਨੀ ਸੈਤਾਣੇ।
ਸੱਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋਂ ਨ ਮਿੱਟੇ ਆਵਣ ਜਾਣੇ॥ ੨੧॥

### ਮਹਾ ਪੁਰਖ ਦੀ ਲੋੜ

ਚਾਰੇ ਜਾਗੇ ਚਹੁ ਜੁਗੀਂ ਪੰਚਾਇਣ ਪ੍ਰਭ ਆਪੇ ਹੋਆ।
ਆਪੇ ਪੱਟੀ ਕਲਮ ਆਪ ਆਪੇ ਲਿਖਣਹਾਰਾ ਹੋਆ।
ਬਾਝ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।
ਵਰਤਿਆ ਪਾਪ ਜਗੱਤ੍ਰ ਤੇ ਧਉਲ ਉਡੀਣਾ ਨਿਸਦਿਨ ਰੋਆ।
ਬਾਝ ਦਇਆ ਬਲ ਹੀਣ ਹੋ ਨਿੱਘਰ ਚਲੋ ਰਸਾਤਲ ਟੋਆ।
ਖੜਾ ਇਕਤੇ ਪੈਰ ਤੇ ਪਾਪ ਸੰਗ ਬਹੁ ਭਾਰਾ ਹੋਆ।
ਥੰਮੇ ਕੋਇ ਨ ਸਾਧ ਬਿਨ ਸਾਧੁ ਨ ਦਿੱਸੇ ਜਗ ਵਿਚ ਕੋਆ।
ਧਰਮਧੌਲ ਪੁਕਾਰੇ ਤਲੇ ਖੜੋਆ॥੨੨।

### ਗੁਰੂ ਨਾਨਕ ਆਯਾ

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਿਰਾਸ ਕਰਿ ਚਰਨਾਂਮ੍ਰਿਤੁ ਸਿੱਖਾਂ ਪੀਲਾਇਆ।
ਪਾਰ ਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਇਆ।
ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰਨ ਕਰਾਇਆ।
ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗ ਵਰਤਾਇਆ।
ਉਲਟਾ ਖੇਲ ਪਿਰੰਮ ਦਾ ਪੈਰਾਂ ਉੱਪਰ ਸੀਸ ਨਿਵਾਇਆ।
ਕਲਿਜੁਗ ਬਾਬੇ ਤਾਰਿਆ ਸੱਤਿਨਾਮ ਪੜ੍ਹ ਮੰਤ੍ਰ ਸੁਣਾਇਆ।
ਕਲਿ ਤਾਰਣ ਗੁਰ ਨਾਨਕ ਆਇਆ॥੨੩॥

### ਚੜ੍ਹਿਆ ਸੋਧਣ ਧਰਤ ਲੁਕਾਈ

ਪਹਿਲਾਂ ਬਾਬੇ ਪਾਇਆ ਬਖ਼ਸ਼ਦਰ, ਪਿਛੋਂ ਦੇ ਫਿਰ ਘਾਲ ਕਮਾਈ।
ਰੇਤ ਅੱਕ ਆਹਾਰ ਕਰਿ, ਰੋੜਾਂ ਕੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪੱਸਿਆ, ਬਡੇ ਭਾਗ ਹਰਿ ਸਿਉਂ ਬਣਿ ਆਈ।
ਬਾਬਾ ਪੈਧਾ ਸੱਚ ਖੰਡ, ਨਉ ਨਿਧਿ ਨਾਮ ਗਰੀਬੀ ਪਾਈ।
ਬਾਬਾ ਦੇਖੈ ਧਿਆਨ ਧਰ, ਜਲਤੀ ਸਭਿ ਪ੍ਰਿਥਮੀ ਦਿਸ ਆਈ।
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣ ਧਰਤਿ ਲੁਕਾਈ॥੨੪॥

### ਤੀਰਥਾਂ ਪਰ ਭੇਖੀਆਂ ਦਾ ਬੋਲ ਬਾਲਾ

ਬਾਬਾ ਆਇਆ ਤੀਰਥੀਂ ਤੀਰਥ ਪੁਰਬ ਸੱਭੇ ਫਿਰ ਦੇਖੈ।
ਪਰਬ ਧਰਮ ਬਹੁ ਕਰਮ ਕਰਿ ਭਾਉ ਭਗਤ ਬਿਨ ਕਿਤੇ ਨ ਲੇਖੈ।
ਭਾਉ ਨ ਬ੍ਰਹਮੇ ਲਿਖਿਆ ਚਾਰ ਬੇਦ ਸਿਮਰਤ ਪੜ੍ਹ ਦੇਖੈ।
ਢੂੰਡੀ ਸਗਲੀ ਪਿਰਥਮੀ ਸਤਿਜੁਗ ਆਦਿ ਦੁਆਪੁਰ ਤ੍ਰੇਤੇ।
ਕਲਿਜੁਗ ਧੁੰਧੂਕਾਰ ਹੈ ਭਰਮ ਭੁਲਾਈ ਬਹੁ ਬਿਧਿ ਭੇਖੈ।
ਭੇਖੀਂ ਪ੍ਰਭੂ ਨ ਪਾਈਐ ਆਪ ਗਵਾਏ ਰੂਪ ਨ ਰੇਖੈ।
ਗੁਰਮੁਖ ਵਰਨ ਅਵਰਨ ਹੁਇ ਨਿਵ ਚੱਲੈ ਗੁਰ ਸਿੱਖ ਵਿਸੇਖੈ।
ਤਾ ਕਛ ਘਾਲ ਪਵੈ ਦਰ ਲੇਖੈ॥੨੫॥

### ਉਸ ਸਮੇਂ ਦੇ ਆਮ ਹਾਲਾਤ

ਜਤੀ ਸਤੀ ਚਿਰਜੀਵਣੇ ਸਾਧਿਕ ਸਿੱਧ ਨਾਥ ਗੁਰ ਚੇਲੇ।
ਦੇਵੀ ਦੇਵ ਰਿਖੀਸੁਰਾਂ ਭੈਰੋਂ ਖੇਤ੍ਰਪਾਲ ਬਹੁ ਮੇਲੇ।
ਗਣ ਗੰਧਰਬ ਅਪੱਸਰਾਂ ਕਿੰਨਰ ਜੱਛ ਚਲਿਤ ਬਹੁ ਖੇਲੇ।
ਰਾਕਸ਼ ਦਾਨੋ ਦੈਂਤ ਲਖਿ ਅੰਦਰ ਦੂਜਾ ਭਾਉ ਦੁਹੇਲੇ।
ਹਉਮੈਂ ਅੰਦਰ ਸੱਭਿ ਕੋ ਡੁੱਬੇ ਗੁਰੂ ਸਣੇ ਬਹੁ ਚੇਲੇ।
ਗੁਰਮੁਖਿ ਕੋਇ ਨ ਦਿੱਸਈ ਢੂੰਡੇ ਤੀਰਥ ਜਾਤ੍ਰੀ ਮੇਲੇ।

ਢੂੰਡੇ ਹਿੰਦੂ ਤੁਰਕ ਸਭਿ ਪੀਰ ਪਿਕੰਬਰ ਕਉਮਿ ਕਤੇਲੇ ।
ਅੰਧੀ ਅੰਧੇ ਖੂਹੇ ਠੇਲੇ ॥੨੬॥

### ਗੁਰੂ ਨਾਨਕ ਦੇ ਪਰਗਟ ਹੋਣ ਪਰ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ ।
ਜਿੱਥੇ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ ।
ਸਿਧ ਆਸਣ ਸਭਿ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ ।
ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ ।
ਬਾਬੇ ਤਾਰੇ ਚਾਰ ਚਕ ਨੌਂ ਖੰਡ ਪਿਰਥਮੀ ਸੱਚਾ ਢੋਆ ।
ਗੁਰਮੁਖ ਕਲਿ ਵਿਚ ਪਰਗਟ ਹੋਆ ॥੨੭॥

### ਸੁਮੇਰ ਪਰਬਤ ਪਰ ਜਾਣਾ

ਬਾਬੇ ਡਿੱਠੀ ਪਿਰਥਵੀ ਨਵੈਖੰਡ ਜਿੱਥੇ ਤਕ ਆਹੀ ।
ਫਿਰ ਜਾ ਚੜ੍ਹੇ ਸੁਮੇਰ ਪਰ, ਸਿੱਧ ਮੰਡਲੀ ਦ੍ਰਿਸ਼ਟੀ ਆਈ ।
ਚੌਰਾਸੀਹ ਸਿਧਿ ਗੋਰਖਾਦਿ, ਮਨ ਅੰਦਰ ਗਣਤੀ ਵਰਤਾਈ ।
ਸਿਧ ਪੁੱਛਣ ਸੁਣ ਬਾਲਿਆ, ਕੌਣ ਸ਼ਕਤ ਤੁਹਿ ਏਥੇ ਲਯਾਈ ।
ਹਉਂ ਜਪਿਆ ਪਰਮੇਸਰੋ ਭਾਉ ਭਗਤਿ ਸੰਗ ਤਾੜੀ ਲਾਈ ।
ਆਖਣ ਸਿਧ ਸੁਣ ਬਾਲਿਆ, ਆਪਣਾ ਨਾਉਂ ਤੁਮ ਦੇਹੁ ਬਤਾਈ ।
ਬਾਬਾ ਆਖੇ ਨਾਥ ਜੀ, ਨਾਨਕ ਨਾਮ ਜਪੇ ਗਤਿ ਪਾਈ ।
ਨੀਚ ਕਹਾਇ ਊਚ ਘਰ ਆਈ ॥ ੨੮ ॥

### ਸਿੱਧਾਂ ਨਾਲ ਗੋਸ਼ਟ

ਫਿਰ ਪੁੱਛਣ ਸਿਧ ਨਾਨਕਾ, ਮਾਤ ਲੋਕ ਵਿਚ ਕਯਾ ਵਰਤਾਰਾ ?
ਸਭ ਸਿੱਧੀਂ ਇਹ ਬੁੱਝਿਆ ਕਲਿ ਤਾਰਣ ਨਾਨਕ ਅਵਤਾਰਾ ।
ਬਾਬੇ ਕਹਿਆ ਨਾਥ ਜੀ, ਸੱਚ ਚੰਦ੍ਰਮਾ ਕੂੜ ਅੰਧਾਰਾ ।
ਕੂੜ ਅਮਾਵਸ ਵਰਤਿਆ ਹਉਂ ਭਾਲਣ ਚੜ੍ਹਿਆ ਸੰਸਾਰਾ ।
ਪਾਪ ਗਿਰਾਸੀ ਪਿਰਥਮੀ ਧੌਲ ਖੜਾ ਧਰ ਹੇਠ ਪੁਕਾਰਾ ।
ਸਿੱਧ ਛਪ ਬੈਠੇ ਪਰਬਤੀਂ ਕੌਣ ਜਗਤ ਕਉ ਪਾਰ ਉਤਾਰਾ ।
ਜੋਗੀ ਗਯਾਨ ਵਿਹੂਣਿਆ ਨਿਸਦਿਨ ਅੰਗ ਲਗਾਇਨ ਛਾਰਾ ।
ਬਾਝ ਗੁਰੂ ਡੁੱਬਾ ਜਗ ਸਾਰਾ ॥ ੨੯ ॥

### ਰਾਜਸੀ ਅਤੇ ਭਾਈਚਾਰਕ ਦੁਰਦਸ਼ਾ

ਕਲ ਆਈ ਕੁੱਤੇ ਮੂੰਹੀਂ ਖਾਜ ਹੋਆ ਮੁਰਦਾਰ ਗੁਸਾਈਂ ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ।
ਪਰਜਾ ਅੰਧੀ ਗਯਾਨ ਬਿਨ ਕੂੜ ਕੁਸੱਤ ਮੁਖਹੁ ਆਲਾਈ ।
ਚੇਲੇ ਸਾਜ ਵਜਾਇੰਦੇ ਨੱਚਨ ਗੁਰੂ ਬਹੁਤ ਬਿਧਿ ਭਾਈ ।
ਸੇਵਕ ਬੈਠਨ ਘਰਾਂ ਵਿਚ ਗੁਰ ਉਠ ਘਰੀਂ ਤਿਨਾੜੇ ਜਾਈ ।
ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈ ਕੇ ਹੱਕ ਗਵਾਈ ।
ਇਸਤ੍ਰੀ ਪੁਰਖੈ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ ।
ਵਰਤਿਆ ਪਾਪ ਸਭਸ ਜਗ ਮਾਂਹੀ ॥ ੩੦ ॥

### ਸਿੱਧਾਂ ਵਲੋਂ ਗੁਰੂ ਦੀ ਪ੍ਰੀਖਿਆ

ਸਿੱਧੀਂ ਮਨੇ ਬਿਚਾਰਿਆ ਕਿਵੇਂ ਦਰਸ਼ਨ ਏਹ ਲੇਵੇ ਬਾਲਾ ।
ਐਸਾ ਜੋਗੀ ਕਲੀ ਮਾਹਿ ਹਮਰੇ ਪੰਥ ਕਰੇ ਉਜਿਆਲਾ ।
ਖੱਪਰ ਦਿੱਤਾ ਨਾਥ ਜੀ ਪਾਣੀ ਭਰ ਲੈਵਣ ਉਠ ਚਾਲਾ ।
ਬਾਬਾ ਆਯਾ ਪਾਣੀਐ ਡਿੱਠੇ ਰਤਨ ਜਵਾਹਰ ਲਾਲਾ ।
ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝੱਲੇ ਗੁਰ ਦੀ ਝਾਲਾ
ਫਿਰ ਆਯਾ ਗੁਰ ਨਾਥ ਜੀ ਪਾਣੀ ਠਉੜ ਨਹੀਂ ਉਸ ਤਾਲਾ ।
ਸ਼ਬਦ ਜਿਤੀ ਸਿੱਧ ਮੰਡਲੀ ਕੀਤੋਸ ਆਪਣਾ ਪੰਥ ਨਿਰਾਲਾ ।
ਕਲਿਜੁਗ ਨਾਨਕ ਨਾਮ ਸੁਖਾਲਾ ॥ ੩੧ ॥

### ਮੱਕੇ ਦੀ ਯਾਤ੍ਰਾ

ਬਾਬਾ ਫਿਰ ਮੱਕੇ ਗਯਾ ਨੀਲ ਬਸਤ੍ਰ ਧਾਰੇ ਬਨਵਾਰੀ ।
ਆਸਾ ਹੱਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾ ਧਾਰੀ ।
ਬੈਠਾ ਜਾਇ ਮਸੀਤ ਵਿਚ ਜਿਥੇ ਹਾਜੀ ਹੱਜ ਗੁਜਾਰੀ ।
ਜਾਂ ਬਾਬਾ ਸੁੱਤਾ ਰਾਤ ਨੂੰ ਵਲ ਮਹਿਰਾਬੇ ਪਾਇੰ ਪਸਾਰੀ ।
ਜੀਵਣ ਮਾਰੀ ਲੱਤ ਦੀ ਕੇੜ੍ਹਾ ਸੁੱਤਾ ਕੁਫ਼ਰ ਕੁਫ਼ਾਰੀ ।
ਲੱਤਾਂ ਵਲ ਖੁਦਾਇ ਦੇ ਕਿਉਂਕਰ ਪਇਆ ਹੁਇ ਬਜਗਾਰੀ ।
ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ ।
ਹੋਇ ਹਰਾਨ ਕਰੇਨ ਜੁਹਾਰੀ ॥ ੩੨ ॥

### ਕਾਜ਼ੀਆਂ ਮੁੱਲਾਂ ਨਾਲ ਚਰਚਾ

ਪੁੱਛਨ ਗੱਲ ਈਮਾਨ ਦੀ, ਕਾਜ਼ੀ ਮੁੱਲਾਂ ਇਕੱਠੇ ਹੋਈ ।
ਵਡਾ ਸਾਂਗ ਵਰਤਾਇਆ ਲੱਖ ਨ ਸੱਕੇ ਕੁਦਰਤਿ ਕੋਈ ।
ਪੁੱਛਣ ਖੋਲ ਕਿਤਾਬ ਨੂੰ ਵਡਾ ਹਿੰਦੂ ਕਿ ਮੁਸਲਮਾਨੋਈ ।
ਬਾਬਾ ਆਖੇ ਹਾਜੀਆਂ, ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ ।
ਹਿੰਦੂ ਮੁਸਲਮਾਨ ਦੋਇ ਦਰਗਹ ਅੰਦਰ ਲੈਨ ਨ ਢੋਈ ।
ਕੱਚਾ ਰੰਗ ਕਸੁੰਭ ਕਾ ਪਾਣੀ ਧੋਤੈ ਥਿਰ ਨ ਰਹੋਈ ।
ਕਰਨ ਬਖੀਲੀ ਆਪ ਵਿਚ ਰਾਮ ਰਹੀਮ ਕੁਥਾਇਂ ਖਲੋਈ ।
ਰਾਹ ਸ਼ੈਤਾਨੀ ਦੁਨੀਆਂ ਗੋਈ ॥ ੩੩ ॥

## ਮੱਕੇ ਵਿਚ ਬਾਬੇ ਦਾ ਪ੍ਰਭਾਓ

ਧਰੀ ਨਿਸ਼ਾਨੀ ਕੌਂਸ ਦੀ ਮੱਕੇ ਅੰਦਰ ਪੂਜ ਕਰਾਈ ।
ਜਿੱਥੇ ਜਾਇ ਜਗੱਤ ਵਿਚ ਬਾਬੇ ਬਾਝ ਨਾ ਖਾਲੀ ਜਾਈ ।
ਘਰ ਘਰ ਬਾਬਾ ਪੂਜੀਏ ਹਿੰਦੂ ਮੁਸਲਮਾਨ ਜੁ ਆਈ ।
ਛੱਪੇ ਨਾਂਹਿ ਛਪਾਇਆ ਚੜ੍ਹਿਆ ਸੂਰਜ ਜਗ ਰੁਸ਼ਨਾਈ ।
ਬੁਕਿਆ ਸਿੰਘ ਉਜਾੜ ਵਿਚ ਸ਼ਭਿ ਮਿਰਗਾਵਲਿ ਭੰਨੀ ਜਾਈ ।
ਚੜ੍ਹਿਆ ਚੰਦ ਨ ਲੁੱਕਈ ਕੱਢ ਕੁਨਾਲੀ ਜੋਤ ਛਪਾਈ ।
ਉਗਵਣ ਤੇ ਆਥਵਣ ਨਉਖੰਡ ਪ੍ਰਿਥਮੀ ਸਭ ਝੁਕਾਈ ।
ਜਗ ਅੰਦਰ ਕੁਦਰਤ ਵਰਤਾਈ ॥ ੩੪ ॥

## ਬਗ਼ਦਾਦ ਵਿਚ

ਬਾਬਾ ਗਿਆ ਬਗ਼ਦਾਦ ਨੂੰ ਬਾਹਿਰ ਜਾਇ ਕੀਆ ਅਸਥਾਨਾ ।
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ।
ਦਿਤੀ ਬਾਂਗ ਨਿਮਾਜ ਕਰਿ ਸੁੰਨ ਸਮਾਨ ਹੋਆ ਜਹਾਨਾ ।
ਸੁੰਨ ਮੁੰਨ ਨਗਰੀ ਭਈ ਦੇਖ ਪੀਰ ਭਇਆ ਹੈਰਾਨਾ ।
ਵੇਖੈ ਧਯਾਨ ਲਗਾਇ ਕਰਿ ਇਕ ਫਕੀਰ ਵਡਾ ਮਸਤਾਨਾ ।
ਪੁੱਛਿਆ ਫਿਰ ਕੇ ਦਸਤਗੀਰ ਕੌਨ ਫਕੀਰ ਕਿਸ ਕਾ ਘਰਾਨਾ ।
ਨਾਨਕ ਕਲ ਵਿਚ ਆਇਆ ਰੱਬ ਫਕੀਰ ਇਕ ਪਹਿਚਾਨਾ ।
ਧਰਤਿ ਅਕਾਸ ਚਹੂੰ ਦਿਸ ਜਾਨਾ ॥ ੩੫ ॥

## ਜ਼ਾਹਰੀ ਕਲਾ

ਪੁੱਛੇ ਪੀਰ ਤਕਰਾਰ ਕਰ ਏਹ ਫਕੀਰ ਵਡਾ ਆਤਾਈ ।
ਏਥੇ ਵਿਚ ਬਗ਼ਦਾਦ ਦੇ ਵੱਡੀ ਕਰਾਮਾਤ ਦਿਖਲਾਈ ।
ਪਾਤਾਲਾਂ ਆਕਾਸ ਲਖ ਓੜਕ ਭਾਲੀ ਖ਼ਬਰ ਸੁਨਾਈ ।
ਫੇਰ ਦੁਰਾਇਣ ਦਸਤਗੀਰ ਅਸੀਂ ਭਿ ਵੇਖਾ ਜੋ ਤੁਹਿ ਪਾਈ ।
ਨਾਲ ਲੀਤਾ ਬੇਟਾ ਪੀਰ ਦਾ ਅੱਖੀਂ ਮੀਟ ਗਿਆ ਹਾਵਾਈ ।
ਲੱਖ ਅਕਾਸ ਪਤਾਲ ਲੱਖ ਅੱਖ ਫੁਰਕ ਵਿਚ ਸਭ ਦਿਖਲਾਈ ।
ਭਰ ਕਚਕੌਲ ਪ੍ਰਸਾਦ ਦਾ ਧੁਰੋਂ ਪਤਾਲੋਂ ਲਈ ਕੜਾਹੀ ।
ਜ਼ਾਹਰ ਕਲਾ ਨ ਛਪੈ ਛਪਾਈ ॥ ੩੬ ॥

## ਸਤਿਨਾਮ ਦਾ ਚੱਕਰ

ਗੜ੍ਹ ਬਗ਼ਦਾਦ ਨਿਵਾਇ ਕੈ ਮੱਕਾ ਮਦੀਨਾ ਸੱਭ ਨਿਵਾਯਾ ।
ਸਿੱਧ ਚੌਰਾਸੀਹ ਮੰਡਲੀ ਖਟ ਦਰਸਨ ਪਾਖੰਡ ਜਿਣਾਯਾ ।
ਪਾਤਾਲਾਂ ਆਕਾਸ ਲਖ ਜਿੱਤੀ ਧਰਤੀ ਜਗਤ ਸਬਾਯਾ ।
ਜਿੱਤੀ ਨਵਖੰਡ ਮੇਦਨੀ ਸਤਿਨਾਮ ਦਾ ਚੱਕ੍ਰ ਫਿਰਾਯਾ ।
ਦੇਵ ਦਾਨੋ ਰਾਕਸ਼ ਦੈਤ ਸਭ ਚਿੱਤ ਗੁਪਤ ਸਭ ਚਰਨੀ ਲਾਯਾ ।
ਇਦ੍ਰਾਸਨ ਅਪੱਛਰਾਂ ਰਾਗ ਰਾਗਨੀ ਮਗਲ ਗਾਯਾ ।
ਭਯਾ ਅਨੰਦ ਜਗਤ ਵਿਚ ਕਲਿ ਤਾਰਨ ਗੁਰ ਨਾਨਕ ਆਯਾ ।
ਹਿਦੂ ਮੁਸਲਮਾਨ ਨਿਵਾਯਾ ॥ ੩੭ ॥

## ਕਰਤਾਰ ਪੁਰ ਵਿਚ ਟਿਕਾਣਾ

ਬਾਬਾ ਆਯਾ ਕਰਤਾਰ ਪੁਰਿ ਭੇਖ ਉਦਾਸੀ ਸਗਲ ਉਤਾਰਾ ।
ਪਹਿਰ ਸੰਸਾਰੀ ਕੱਪੜੇ ਮੰਜੀ ਬੈਠ ਕੀਆ ਅਵਤਾਰਾ ।
ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉਪਰ ਧਾਰਾ ।
ਪੁੱਤ੍ਰੀਂ ਕੌਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ ।
ਬਾਣੀ ਮੁਖਹੁੰ ਉਚਾਰੀਐ ਹੁਇ ਰੁਸ਼ਨਾਈ ਮਿਟੈ ਅੰਧਾਰਾ ।
ਗਯਾਨ ਗੋਸ਼ਟ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਿਕਾਰਾ ।
ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ ।
ਗੁਰਮੁਖ ਭਾਰ ਅਥਰਬਣ ਤਾਰਾ ॥ ੩੮ ॥

## ਅੱਚਲ ਬਟਾਲੇ ਦੀ ਸ਼ਿਵਰਾਤ੍ਰੀ

ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਬਟਾਲੇ ਆਈ ।
ਦਰਸਨ ਵੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ ।
ਲੱਗੀ ਬਰਸਨ ਲੱਛਮੀ ਰਿਧਿ ਸਿਧਿ ਨਉ ਨਿੱਧਿ ਸਵਾਈ ।
ਜੋਗੀ ਵੇਖ ਚਲਿਤ੍ਰ ਨੋਂ ਮਨ ਵਿਚ ਰਿਸਕ ਘਨੇਰੀ ਖਾਈ ।
ਭਗਤੀਆਂ ਪਾਈ ਭਗਤ ਆਨ ਲੋਟਾ ਜੋਗੀ ਲਿਆ ਛੁਪਾਈ ।
ਭਗਤੀਆਂ ਗਈ ਭਗਤ ਭੁੱਲ ਲੋਟੇ ਅੰਦਰ ਸੁਰਤਿ ਭੁਲਾਈ ।
ਬਾਬਾ ਜਾਣੀ ਜਾਣ ਪੁਰਖ ਕੱਢਿਆ ਲੋਟਾ ਜਹਾਂ ਲੁਕਾਈ ।
ਵੇਖ ਚਲਿਤ ਜੋਗੀ ਖੁਣਸਾਈ ॥ ੩੯ ॥

## ਸਿੱਧਾਂ ਨਾਲ ਹੋਰ ਗੋਸ਼ਟ

ਖਾਧੀ ਖੁਣਸ ਜੁਗੀਸਰਾਂ ਗੋਸ਼ਟ ਕਰਨ ਸਭੇ ਉਠਿ ਆਈ ।
ਪੁੱਛੇ ਜੋਗੀ ਭੰਗ੍ਰਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ ।
ਫਿੱਟਿਆ ਚਾਟਾ ਦੁਧ ਦਾ ਰਿੜਕਿਆਂ ਮੱਖਣ ਹੱਥ ਨ ਆਈ ।
ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ ।
ਨਾਨਕ ਆਖੇ ਭੰਗ੍ਰਨਾਥ ਤੇਰੀ ਮਾਉਂ ਕੁਚੱਜੀ ਆਹੀ ।
ਭਾਂਡਾ ਧੋਇ ਨ ਜਾਤਿਓਨ ਭਾਇ ਕੁਚੱਜੇ ਫੁੱਲ ਸੜਾਈ ।
ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂੰ ਕੇ ਘਰ ਮੰਗਣ ਜਾਈ ।
ਬਿਨ ਦਿਤੇ ਕਛੁ ਹੱਥ ਨ ਆਈ ॥ ੪੦ ॥

## ਸਿੱਧਾਂ ਕਰਾਮਾਤਾਂ ਵਿਖਾਉਣੀਆਂ

ਏਹ ਸੁਣ ਬਚਨ ਜੁਗੀਸਰਾਂ ਮਾਰ ਕਿਲਕ ਬਹੁ ਰੂਅ ਉਠਾਈ
ਖਟ ਦਰਸ਼ਨ ਕਉ ਖੇਦਿਆ ਕਲਿਜੁਗ ਬੇਦੀ ਨਾਨਕ ਆਈ ।
ਸਿਧ ਬੋਲਨ ਸਭਿ ਔਖਧੀਆਂ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ ।

ਰੂਪ ਵਟਾਇਆ ਜੋਗੀਆਂ ਸਿੰਘ ਬਾਘ ਬਹੁ ਚਲਿਤ ਦਿਖਾਈ।
ਇਕ ਪਰ ਕਰਕੇ ਉੱਡਰਨ ਪੰਖੀ ਜਿਵੇਂ ਰਹੇ ਲੀਲਾਈ।
ਇਕ ਨਾਗ ਹੁਇ ਪਵਨ ਛੋਡ ਇਕਨਾਂ ਵਰਖਾ ਅਗਨਿ ਵਸਾਈ।
ਤਾਰੇ ਤੋੜੇ ਭੰਗ੍ਰਨਾਥ, ਇਕ ਉਡ ਮਿਰਗਾਨੀ ਜਲ ਤਰ ਜਾਈ।
ਸਿੱਧਾਂ ਅਗਨਿ ਨ ਬੁਝੇ ਬੁਝਾਈ ॥ ੪੧ ॥

## ਜੋਗੀ ਵਸਤ ਨ ਕਾਈ

ਸਿਧ ਬੋਲੇ ਸੁਣ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਲਾਈ।
ਕੁਝ ਦਿਖਾਇ ਅਸਾਨੂੰ ਭੀ ਤੂੰ ਕਿਉਂ ਢਿੱਲ ਅਜੇਹੀ ਲਾਈ।
ਬਾਬਾ ਬੋਲੇ ਨਾਥ ਜੀ, ਅਸਾਂ ਵੇਖੇ ਜੋਗੀ ਵਸਤੁ ਨ ਕਾਈ।
ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ।
ਸ਼ਿਵ ਰੂਪੀ ਕਰਤਾ ਪੁਰਖ ਚੱਲੇ ਨਾਹੀ ਧਰਤ ਚਲਾਈ।
ਸਿੱਧ ਤੰਤ੍ਰ ਮੰਤ੍ਰ ਕਰ ਝੜ ਪਏ ਸ਼ਬਦ ਗੁਰੂ ਕੇ ਕਲਾ ਛਪਾਈ।
ਦੱਦੇ ਦਾਤਾ ਗੁਰੂ ਹੈ ਕੱਕੇ ਕੀਮਤ ਕਿਨੇ ਨ ਪਾਈ।
ਸੋ ਦੀਨ ਨਾਨਕ ਸਤਿਗੁਰ ਸਰਨਾਈ ॥ ੪੨ ॥

## ਸਤਿਨਾਮ ਦਾ ਪ੍ਰਤਾਪ

ਬਾਬਾ ਬੋਲੇ ਨਾਥ ਜੀ, ਸਬਦ ਸੁਨਹੁ ਸਚ ਮੁਖਹੁੰ ਅਲਾਈ।
ਬਾਝਹੁ ਸੱਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਂਹੀ।
ਕਰੋ ਰਸੋਈ ਸਾਰ ਦੀ ਸਗਲੀ ਧਰਤੀ ਨੱਥ ਚਲਾਈ।
ਬਸਤਰ ਪਹਿਰੋ ਅਗਨਿ ਕੇ ਬਰਫ ਹਮਾਲੇ ਮੰਦਰ ਛਾਈ।
ਏ ਵਡ ਕਰੀ ਵਿਥਾਰ ਕਉ ਸਗਲੀ ਧਰਤੀ ਹੱਕੀ ਜਾਈ।
ਤੋਲੀ ਧਰਤਿ ਅਕਾਸ਼ ਦੁਇ ਪਿੱਛੇ ਛਾਬੇ ਟੰਕ ਚੜ੍ਹਾਈ।
ਇਹ ਬਲ ਰੱਖਾਂ ਆਪ ਵਿਚ ਜਿਸ ਆਖਾਂ ਤਿਸ ਪਾਰ ਕਰਾਈ।
ਸੱਤਿਨਾਮ ਬਿਨ ਬਾਦਰ ਛਾਈ ॥ ੪੩ ॥

## ਮੁਲਤਾਨ ਵਿਚ

ਬਾਬੇ ਕੀਤੀ ਸਿੱਧ ਗੋਸ਼ਟ ਸ਼ਬਦ ਸ਼ਾਂਤਿ ਸਿੱਧਾਂ ਵਿਚ ਆਈ।
ਜਿਣ ਮੇਲਾ ਸ਼ਿਵਰਾਤ ਦਾ ਖਟ ਦਰਸ਼ਨ ਆਦੇਸ਼ ਕਰਾਈ।
ਸਿਧ ਬੋਲਨ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ।
ਵੱਡਾ ਪੁਰਖ ਪਰਗੱਟਿਆ ਕਲਜੁਗ ਅੰਦਰ ਜੋਤ ਜਗਾਈ।
ਮੇਲਿਓਂ ਬਾਬਾ ਉਠਿਆ ਮੁਲਤਾਨੇ ਦੀ ਜ਼ਯਾਰਤ ਜਾਈ।
ਅੱਗੋਂ ਪੀਰ ਮੁਲਤਾਨ ਦੇ ਦੁੱਧ ਕਟੋਰਾ ਭਰਿ ਲੈ ਆਈ।
ਬਾਬੇ ਕਢ ਕਰਿ ਬਗਲ ਤੇ ਚੰਬੇਲੀ ਦੁਧ ਵਿਚ ਮਿਲਾਈ।
ਜਿਉਂ ਸਾਗਰ ਵਿਚ ਗੰਗ ਸਮਾਈ ॥ ੪੪ ॥

## ਥਾਪਿਆ ਲਹਿਣਾ ਜੀਂਵਦੇ

ਜ਼ਯਾਰਤ ਕਰਿ ਮੁਲਤਾਨ ਦੀ ਫਿਰ ਕਰਤਾਰ ਪੁਰੇ ਨੂੰ ਆਯਾ।
ਚੜ੍ਹੇ ਸਵਾਈ ਦਹਿ ਦਿਹੀ ਕਲਿਜੁਗ ਨਾਨਕ ਨਾਮ ਧਿਆਯਾ।
ਵਿਣ ਨਾਵੈ ਹੋਰ ਮੰਗਣਾ ਸਿਰ ਦੁੱਖਾਂ ਦੇ ਦੁੱਖ ਸਬਾਯਾ।
ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰ ਛੱਤ੍ਰ ਫਿਰਾਯਾ।
ਜੋਤੀ ਜੋਤਿ ਮਿਲਾਇ ਕੇ ਸਤਿਗੁਰ ਨਾਨਕ ਰੂਪ ਵਟਾਯਾ।
ਲੱਖ ਨ ਕੋਈ ਸੱਕਈ ਆਚਰਜੇ ਆਚਰਜ ਦਿਖਾਯਾ।
ਕਾਯਾਂ ਪਲਟ ਸਰੂਪ ਬਣਾਯਾ ॥ ੪੫ ॥

### ਵਾਰ ੩

ਸਤਿਗੁਰ ਨਾਨਕ ਦੇਉ ਗੁਰਾਂ ਗੁਰ ਹੋਇਆ।
ਅੰਗਦ ਅਲਖ ਅਭੇਉ ਸਹਜ ਸਮੋਇਆ।
ਅਮਰਹੁ ਅਮਰ ਸਮੇਓ ਅਲਖ ਅਲੋਇਆ।
ਰਾਮ ਨਾਮ ਅਰਿਥੇਉ ਅੰਮ੍ਰਿਤ ਚੋਇਆ।
ਗੁਰੁ ਅਰਜਨ ਕਰਿ ਸੇਉ ਧੋਐ ਧੋਇਆ।
ਗੁਰ ਹਰਿ ਗੋਬਿੰਦ ਅਮੇਉ ਵਿਲੋਇ ਵਿਲੋਇਆ।
ਸੱਚਾ ਸੱਚ ਸੁਚੇਉ ਸਚ ਖਲੋਇਆ।
ਆਤਮ ਅਗਹ ਅਗੇਉ ਸਬਦ ਪਰੋਇਆ।
ਗੁਰਮੁਖ ਅਭਰ ਭਰੇਓ ਭਰਮ ਭਉ ਖੋਇਆ ॥ ੧੨ ॥

### ਵਾਰ ੨੪

## ਨਾਰਾਇਨ ਨਿਜ ਰੂਪ

ਨਾਰਾਇਨ ਨਿਜ ਰੂਪ ਧਰ ਨਾਥਾਂ ਨਾਥ ਸਨਾਥ ਕਰਾਯਾ।
ਨਰਪਤਿ ਨਰਹਿ ਨਰਿੰਦ ਹੈ ਨਿਰੰਕਾਰ ਆਕਾਰ ਬਣਾਯਾ।
ਕਰਤਾ ਪੁਰਖ ਵਖਾਣੀਐ ਕਾਰਨ ਕਰਨ ਬਿਰਦ ਬਿਰਦਾਯਾ।
ਦੇਵੀ ਦੇਵ ਦੇਵਾਧਿ ਦੇਵ ਅਲਖ ਅਭੇਵ ਨ ਅਲਖ ਲਖਾਯਾ।
ਸੱਤਿ ਰੂਪ ਸਤਿਨਾਮ ਕਰ ਸਤਿਗੁਰ ਨਾਨਕ ਦੇਉ ਜਪਾਯਾ।
ਧਰਮਸਾਲ ਕਰਤਾਰ ਪੁਰ ਸਾਧ ਸੰਗਤ ਸਚਖੰਡ ਵਸਾਯਾ।
ਵਾਹਿਗੁਰੂ ਗੁਰ ਸ਼ਬਦ ਸੁਣਾਯਾ ॥ ੧ ॥

## ਜਗਤ ਗੁਰੂ

ਨਿਹਚਲ ਨੀਉਂ ਧਰਾਈਓਨ ਸਾਧ ਸੰਗਤਿ ਸਚਖੰਡ ਸਮੇਉ।
ਗੁਰਮੁਖ ਪੰਥ ਚਲਾਇਓਨ ਸੁਖ ਸਾਗਰ ਬੇਅੰਤ ਅਮੇਉ।
ਸੱਚ ਸਬਦ ਆਰਾਧੀਐ ਅਗਮ ਅਗੋਚਰ ਅਲਖ ਅਭੇਉ।

ਚਹੁ ਵਰਨਾਂ ਉਪਦੇਸ਼ਦਾ ਛਿਅ ਦਰਸ਼ਨ ਸਭ ਸੇਵਕ ਸੇਉ ।
ਮਿੱਠਾ ਬੋਲਣ ਨਿਵ ਚਲਣ ਗੁਰਮੁਖ ਭਾਉ ਭਗਤ ਅਰਥੇਉ ।
ਆਦਿ ਪੁਰਖ ਆਦੇਸ ਹੈ ਅਬਿਨਾਸੀ ਅਤਿ ਅਛਲ ਅਛੇਉ ।
ਜਗਤ ਗੁਰੂ ਗੁਰੁ ਨਾਨਕ ਦੇਉ ॥ ੨ ॥

## ਸੱਚਾ ਪਾਤਸ਼ਾਹ

ਸਤਿਗੁਰ ਸੱਚਾ ਪਾਤਸ਼ਾਹ ਬੇਪਰਵਾਹ ਅਥਾਹ ਸਹਾਬਾ ।
ਨਾਉਂ ਗਰੀਬ ਨਿਵਾਜ ਹੈ ਬੇਮੁਹਤਾਜ ਨ ਮੋਹ ਮੁਹਾਬਾ ।
ਬੇਸੁਮਾਰ ਨਿਰੰਕਾਰ ਹੈ ਅਲਖ ਅਪਾਰ ਅਲਾਹੁ ਸਿਞਾਬਾ ।
ਕਾਇਮ ਦਾਇਮ ਸਾਹਿਬੀ ਹਾਜ਼ਰ ਨਾਜ਼ਰ ਵੇਦ ਕਿਤਾਬਾ ।
ਅਗੰਮ ਅਡੋਲ ਅਤੋਲ ਹੈ ਤੋਲਣਹਾਰ ਨਾ ਡੰਡੀ ਛਾਬਾ ।
ਇਕ ਛਤ ਰਾਜ ਕਮਾਂਵਦਾ ਦੁਸ਼ਮਨ ਦੂਤ ਨ ਸ਼ੋਰ ਸ਼ਰਾਬਾ ।
ਆਦਲ ਅਦਲ ਚਲਾਇੰਦਾ ਜ਼ਾਲਮ ਜ਼ੁਲਮ ਨ ਜ਼ੋਰ ਜਰਾਬਾ ।
ਜ਼ਾਹਰ ਪੀਰ ਜਗਤ ਗੁਰ ਬਾਬਾ ॥ ੩ ॥

## ਜ਼ਾਹਰ ਪੀਰ

ਗੰਗ ਬਨਾਰਸ ਹਿੰਦੂਆਂ ਮੁਸਲਮਾਣਾ ਮੱਕਾ ਕਾਬਾ ।
ਘਰ ਘਰ ਬਾਬਾ ਗਾਵੀਐ ਵੱਜਣ ਤਾਲ ਮ੍ਰਿਦੰਗ ਰਬਾਬਾ ।
ਭਗਤ ਵਛਲ ਹੋ ਆਇਆ ਪਤਿਤ ਉਧਾਰਣ ਅਜਬ ਅਜ਼ਾਬਾ ।
ਚਾਰ ਵਰਨ ਇਕ ਵਰਨ ਹੋ ਸਾਧ ਸੰਗਤਿ ਮਿਲਿ ਹੋਏ ਤਰਾਬਾ ।
ਚੰਦਨ ਵਾਸ ਵਣਾਸਪਤਿ ਅੱਵਲ ਦੋਮ ਨ ਸੋਮ ਖਰਾਬਾ ।
ਹੁਕਮੈ ਅੰਦਰ ਸੱਭ ਕੋ ਕੁਦਰਤ ਕਿਸ ਦੀ ਕਰੈ ਜਵਾਬਾ ।
ਜ਼ਾਹਰ ਪੀਰ ਜਗਤ ਗੁਰ ਬਾਬਾ ॥ ੪ ॥

### ਵਾਰ ੨੬

## ਗੁਰੂ ਨਾਨਕ ਪੂਰਣ ਗੁਰੂ

ਪੂਰਾ ਸਤਿਗੁਰ ਜਾਣੀਐ ਪੂਰੇ ਪੂਰਾ ਥਾਟ ਬਣਾਯਾ ।
ਪੂਰੇ ਪੂਰਾ ਤੋਲ ਹੈ ਘਟੈ ਨ ਵਧੈ ਘਟਾਇ ਵਧਾਯਾ ।
ਪੂਰੇ ਪੂਰੀ ਮੱਤਿ ਹੈ ਹੋਰਸੁ ਪੁੱਛ ਨ ਮਤਾ ਪਕਾਯਾ ।
ਪੂਰੇ ਪੂਰਾ ਮੰਤ੍ਰ ਹੈ ਪੂਰਾ ਬਚਨ ਨ ਟਲੈ ਟਲਾਯਾ ।
ਸਭੇ ਇੱਛਾ ਪੂਰੀਆਂ ਸਾਧ ਸੰਗਤਿ ਮਿਲ ਪੂਰਾ ਪਾਯਾ ।
ਵੀਹ ਇਕੀਹ ਉਲੰਘ ਕੈ ਪਤ ਪਉੜੀ ਚੜ੍ਹਿ,ਨਿਜ ਘਰ ਆਯਾ ।
ਪੂਰੇ ਪੂਰਾ ਹੋਇ ਸਮਾਯਾ ॥ ੧੬ ॥

## ਸਤਿਗੁਰ ਜਾਗਤਾ ਹੈ ਦੇਵ

ਸਿੱਧ ਸਾਧਿਕ ਮਿਲ ਜਾਗਦੇ ਕਰ ਸ਼ਿਵਰਾਤੀ ਜਾਤੀ ਮੇਲਾ ।
ਮਹਾਂਦੇਉ ਅਉਧੂਤ ਹੈ ਕਵਲਾਸਣ ਆਸਣ ਰਸਕੇਲਾ ।
ਗੋਰਖ ਜੋਗੀ ਜਾਗਦਾ ਗੁਰ ਮਾਛਿੰਦ੍ਰ ਧਰੀ ਸੁ ਧਰੇਲਾ ।
ਸਤਿਗੁਰੁ ਜਾਗ ਜਗਾਇੰਦਾ ਸਾਧ ਸੰਗਤਿ ਮਿਲ ਅੰਮ੍ਰਿਤ ਵੇਲਾ ।
ਨਿਜ ਘਰ ਤਾੜੀ ਲਾਇਅਨ ਅਨਹਦ ਸ਼ਬਦ ਪਿਰਮ ਰਸ ਖੇਲਾ ।
ਆਦਿ ਪੁਰਖ ਆਦੇਸ ਹੈ ਅਲਖ ਨਿਰੰਜਨ ਨੇਹੁ ਨਵੇਲਾ ।
ਚੇਲੇ ਤੇ ਗੁਰੁ ਗੁਰੁ ਤੇ ਚੇਲਾ ॥ ੧੭ ॥

## ਗੁਰਮੁਖ ਅਵਰਣ ਹੋਇ

ਬ੍ਰਹਮਾ ਬਿਸ਼ਨ ਮਹੇਸ਼ ਤ੍ਰੈ ਸੈਂਸਾਰੀ ਭੰਡਾਰੀ ਰਾਜੇ ।
ਚਾਰ ਵਰਨ ਘਰਬਾਰੀਆਂ ਜਾਤ ਪਾਤ ਮਾਇਆ ਮੁਹਤਾਜੇ ।
ਛਿਅ ਦਰਸਨੁ ਛਿਅ ਸ਼ਾਸਤ੍ਰਾਂ ਪਾਖੰਡ ਕਰਮ ਕਰਨਿ ਦੇਵਾਜੇ ।
ਸੰਨਿਆਸੀ ਦਸ ਨਾਮ ਧਰ ਜੋਗੀ ਬਾਰਹ ਪੰਥ ਨਿਵਾਜੇ ।
ਦਹ ਦਿਸ ਬਾਰਹ ਵਾਟ ਹੋਇ ਪਰ ਘਰ ਮੰਗਣ ਖਾਜ ਅਖਾਜੇ ।
ਚਾਰ ਵਰਨ ਗੁਰਸਿੱਖ ਮਿਲ ਸਾਧ ਸੰਗਤ ਵਿਚ ਅਨਹਦ ਵਾਜੇ ।
ਗੁਰਮੁਖਿ ਵਰਨ ਅਵਰਨ ਹੋਇ ਦਰਸ਼ਨ ਨਾਉਂ ਪੰਥ ਸੁਖ ਸਾਜੇ ।
ਸੱਚ ਸੱਚਾ ਕੂੜ ਕੂੜੇ ਪਾਜੇ ॥ ੧੮ ॥

## ਸਤਿਗੁਰ ਸਰਬ ਗੁਣ ਭਰਪੂਰ ਹੈ

ਸਤਿਗੁਰ ਗੁਣੀ ਨਿਧਾਨ ਹੈ ਗੁਣ ਕਰ ਬਖਸ਼ੇ ਅਵਗੁਣਿਆਰੇ ।
ਸਤਿਗੁਰ ਪੂਰਾ ਵਦ ਹੈ ਪੰਜੇ ਰੋਗ ਅਸਾਧ ਨਿਵਾਰੇ ।
ਸੁਖ ਸਾਗਰ ਗੁਰਦੇਉ ਹੈ ਸੁਖ ਦੇ ਮੇਲ ਲਏ ਦੁਖਿਆਰੇ ।
ਗੁਰੁ ਪੂਰਾ ਨਿਰਵੈਰ ਹੈ ਨਿੰਦਕ ਦੋਖੀ ਬੇਮੁਖ ਤਾਰੇ ।
ਗੁਰ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੋ ਉਤਾਰੇ ।
ਸਤਿਗੁਰ ਪੁਰਖ ਸੁਜਾਣ ਹੈ ਵੱਡੇ ਅਜਾਣ ਮੁਗਧ ਨਿਸਤਾਰੇ ।
ਸਤਿਗੁਰੁ ਆਗੂ ਜਾਣੀਐ ਬਾਂਹ ਪਕੜ ਅੰਧਲੇ ਉਧਾਰੇ ।
ਮਾਣ ਨਿਮਾਣੇ ਸਦ ਬਲਿਹਾਰੇ ॥ ੧੯ ॥

## ਸਤਿਗੁਰ ਪਾਰਸ ਹੈ

ਸਤਿਗੁਰੁ ਪਾਰਸ ਪਰਸ ਕੈ ਕੰਚਨ ਕਰੈ ਮਨੂਰ ਮਲੀਣਾ ।
ਸਤਿਗੁਰ ਬਾਵਨ ਚੰਦਨੋਂ ਵਾਸ ਸੁਵਾਸ ਕਰੈ ਲਾਖੀਣਾ ।
ਸਤਿਗੁਰ ਪੂਰਾ ਪਾਰਜਾਤ ਸਿੰਮਲ ਸਫਲ ਕਰੈ ਸੰਗ ਲੀਣਾ ।
ਮਾਨ ਸਰੋਵਰ ਸਤਿਗੁਰੂ ਕਾਗਹੁੰ ਹੰਸ ਜਲਹੁੰ ਦੁਧ ਪੀਣਾ ।
ਗੁਰ ਤੀਰਥ ਦਰੀਆਉ ਹੈ ਪਸ਼ੁ ਪਰੇਤ ਕਰੇ ਪਰਬੀਣਾ ।
ਸਤਿਗੁਰ ਬੰਦੀ ਛੋੜ ਹੈ ਜੀਵਨ ਮੁਕਤਿ ਕਰੈ ਉਡੀਣਾ ।
ਗੁਰਮੁਖ ਮਨਿ ਅਪਤੀਜ ਪਤੀਣਾ ॥ ੨੦ ॥

### ਗੁਰੂ ਨਾਨਕ ਦੀ ਪ੍ਰਭਤਾ

ਸਿੱਧ ਨਾਥ ਅਵਤਾਰ ਸਭ ਗੋਸ਼ਟ ਕਰ ਕਰ ਕੰਨ ਫੜਾਯਾ ।
ਬਾਬਰ ਕੇ ਬਾਬੇ ਮਿਲੇ ਨਿਵ ਨਿਵ ਸਭ ਨਾਬਾਬ ਨਿਵਾਯਾ ।
ਪਤਿਸ਼ਾਹਾ ਮਿਲ ਵਿੱਛੁੜੇ ਜੋਗ ਭੋਗ ਛਡ ਚਲਿਤ ਰਚਾਯਾ ।
ਦੀਨ ਦੁਨਯਾ ਦਾ ਪਾਤਸ਼ਾਹ ਬੇਮੁਹਤਾਜ ਰਾਜ ਘਰ ਆਯਾ ।
ਕਾਦਰ ਹਇ ਕੁਦਰਤ ਕਰੇ ਏਹ ਭਿ ਕੁਦਰਤਿ ਸਾਂਗ ਬਣਾਯਾ।
ਇਕਨਾਂ ਜੋੜ ਵਿਛੋੜਦਾ ਚਿਰੀ ਵਿਛੁੰਨੇ ਆਣਿ ਮਿਲਾਯਾ ।
ਸਾਧ ਸੰਗਤਿ ਵਿਚ ਅਲਖ ਲਖਾਯਾ ॥ ੨੧ ॥

### ਸਤਿਗੁਰ ਪੂਰਾ ਸ਼ਾਹ ਹੈ

ਸਤਿਗੁਰੂ ਪੂਰਾ ਸ਼ਾਹ ਹੈ ਤ੍ਰਿਭਵਣ ਜਗ ਤਿਸ ਦਾ ਵਣਜਾਰਾ।
ਰਤਨ ਪਦਾਰਥ ਬੇਸ਼ੁਮਾਰ ਭਾਉ ਭਗਤਿ ਲਖ ਭਰੇ ਭੰਡਾਰਾ ।
ਪਾਰਜਾਤ ਲਖ ਬਾਗ ਵਿਚ ਕਾਮਧੇਨ ਦੇ ਵੱਗ ਹਜਾਰਾ ।
ਲੱਖ ਮੀਆਂ ਲਖ ਗੋਲੀਆਂ ਪਾਰਸ ਦੇ ਪਰਬਤ ਅਪਾਰਾ ।
ਲਖ ਅੰਮ੍ਰਿਤ ਲਖ ਇੰਦਰ ਲੈ ਹੁਇ ਸੱਕੇ ਛਿੜਕਣ ਦਰਬਾਰਾ।
ਸੂਰਜ ਚੰਦ ਚਰਾਗ ਲਖ ਰਿਧਿ ਸਿੱਧਿ ਨਿਧ ਬੋਹਲ ਅੰਬਾਰਾ ।
ਸੱਭੇ ਵੰਡ ਵੰਡ ਦਿੱਤਿਓਨ ਭਾਉ ਭਗਤ ਕਰ ਸੱਚ ਪਿਆਰਾ।
ਭਗਤ ਵੱਛਲ ਸਤਿਗੁਰ ਨਿਰੰਕਾਰਾ ॥ ੨੨ ॥

### ਗੁਰੂ ਨਾਨਕ ਦੀ ਅਜ਼ਮਤ

ਜਿਉਂ ਲਖ ਤਾਰੇ ਚਮਕਦੇ ਨੇਤ੍ਰ ਨ ਦਿੱਸੈ ਰਾਤ ਅੰਨ੍ਹੇਰੇ ।
ਸੂਰਜ ਬੱਦਲ ਛਾਇਆ ਰਾਤ ਨ ਪੁੱਜੈ ਦਿਹਸੈ ਫੇਰੇ ।
ਜੇ ਗੁਰ ਸਾਂਗ ਵਰੱਤਦਾ ਦੁਬਿਧਾ ਚਿੱਤ ਨ ਸਿੱਖਾਂ ਕੇਰੇ ।
ਛਿਅ ਰੁੱਤੀ ਇਕ ਸੁੱਝ ਹੈ ਘੁੱਗੂ ਸੁੱਝ ਨ ਸੁਝੈ ਹੇਰੇ ।
ਚੰਦ੍ਰਮੁਖੀ ਸੂਰਜਮੁਖੀ ਕਵਲੈ ਭਵਰ ਮਿਲਨ ਚਉਫੇਰੇ ।
ਸ਼ਿਵ ਸ਼ਕਤੀ ਨੋਂ ਲੰਘ ਕੇ ਸਾਧ ਸੰਗਤਿ ਜਾਇ ਮਿਲਨ ਸਵੇਰੇ।
ਪੈਰੀਂ ਪਵਣੈ ਭਲੇ ਭਲੇਰ ॥ ੩੦ ॥

### ਬਾਬਾਣੀ ਰਾਹ ਗੁਰਮੁਖੀ

ਦੁਨੀਆਵਾ ਪਾਤਿਸ਼ਾਹ ਹੋਇ ਦੇਇ ਮਰੇ ਪੁੱਤੇ ਪਾਤਿਸ਼ਾਹੀ ।
ਦੋਹੀ ਫੇਰੇ ਆਪਣੀ ਹੁਕਮੀ ਬੰਦੇ ਸੱਭ ਸਿਪਾਹੀ ।
ਕੁਤਬਾ ਜਾਇ ਪੜ੍ਹਾਇੰਦਾ ਕਾਜ਼ੀ ਮੁੱਲਾਂ ਕਰੇਂ ਉਗਾਹੀ ।
ਟਕਸਾਲੈ ਸਿੱਕਾ ਪਵੈ ਹੁਕਮੇ ਵਿਚ ਸੁਪੇਦੀ ਸਯਾਹੀ ।
ਮਾਲ ਮੁਲਕ ਅਪਣਾਇੰਦਾ ਤਖਤ ਬਖਤ ਚੜ੍ਹ ਬੇਪਰਵਾਹੀ।
ਬਾਬਾਣੇ ਘਰ ਚਾਲ ਹੈ ਗੁਰਮੁਖ ਗਾਡੀ ਰਾਹ ਨਿਬਾਹੀ ।
ਇਕ ਦੋਹੀ ਟਕਸਾਲ ਇੱਕ ਕੁਤਬਾ ਤਖਤ ਸਚਾ ਦਰਗਾਹੀ ।
ਗੁਰਮੁਖ ਸੁਖ ਫਲ ਦਾਤ ਇਲਾਹੀ ॥ ੩੧ ॥

ਵਾਰ ੧੧

### (ਗੁਰੂ ਨਾਨਕ ਦੇ ਪ੍ਰਸਿੱਧ ਸਿੱਖ)

ਤਾਰੂ ਪੋਪਟ ਤਾਰਿਆ ਗੁਰਮੁਖ ਬਾਲ ਸੁਭਾਇ ਉਦਾਸੀ ।
ਮੂਲਾ ਕੀੜ ਵਖਾਣੀਐ ਚਲਿਤ ਅਚਰਜ ਲਭਤਿ ਗੁਰਦਾਸੀ।
ਪਿਰਥਾ ਖੇੜਾ ਸੋਇਰੀ ਚਰਣ ਸਰਣ ਸੁਖ ਸਹਿਜ ਨਿਵਾਸੀ।
ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ ।
ਪਿਰਥੀ ਮਲ ਸਹਗਲ ਭਲਾ ਰਾਮਾ ਡਿੱਡੀ ਭਗਤ ਅਭਜ ਸੀ।
ਦਉਲਤ ਖਾਂ ਲੋਦੀ ਭਲਾ ਹੋਯਾ ਜਿੰਦ ਪੀਰ ਅਬਿਨਾਸ਼ੀ।
ਮਾਲੋ ਮਾਂਗਾ ਸਿੱਖ ਦੁਇ ਗੁਰਬਾਣੀ ਰਸ ਰਸਿਕ ਬਿਲਾਸੀ ।
ਸਨਮੁਖ ਕਾਲੂ ਆਸ ਧਾਰ ਗੁਰਬਾਣੀ ਦਰਗਹ ਸ਼ਾਬਾਸੀ ।
ਗੁਰਮਤਿ ਭਾਉ ਭਗਤਿ ਪਰਗਾਸੀ ॥ ੧੩ ॥
ਭਗਤ ਜੋ ਭਗਤਾ ਓਹਰੀ ਜਾਪੂ ਵੰਸੀ ਸੇਵ ਕਮਾਵੈ ।
ਸ਼ੀਹਾਂ ਉੱਪਲ ਜਾਣੀਐ ਗੱਜਣ ਉੱਪਲ ਸਤਿਗੁਰ ਭਾਵੈ ।
ਮੈਲਸੀਆਂ ਵਿਚ ਆਖੀਐ ਭਾਗੀਰਥ ਕਾਲੀ ਗੁਣ ਗਾਵੈ ।
ਜਿੱਤਾ ਰੰਧਾਵਾ ਭੱਲਾ ਬੂੜਾ ਬੁੱਢਾ ਇਕ ਮਨ ਧਯਾਵੈ ।
ਫਿਰਣਾ ਖਹਿਰਾ ਜੋਧ ਸਿਖ ਜੀਵਾਈ ਗੁਰੂ ਸੇਵ ਕਮਾਵੈ ।
ਗੁੱਜਰ ਜਾਤ ਲੁਹਾਰ ਹੈ ਗੁਰ ਸਿੱਖੀ ਗੁਰਸਿੱਖ ਸੁਣਾਵੈ ।
ਨਾਈ ਧਿੰਙ ਵਖਾਣੀਐ ਸਤਿਗੁਰ ਸੇਵ ਕੁਟੰਬ ਤਰਾਵੈ ।
ਗੁਰਮੁਖ ਸੁਖ ਫਲ ਅਲਖ ਲਖਾਵੈ ॥ ੧੪ ॥

0000

## ਗੁਰੂ ਨਾਨਕ ਦਾ ਦਰ

(ਸ: ਬਲਵੰਤ ਸਿੰਘ ਜੀ "ਨੂਰ")

ਜਗ ਦਾ ਸਾਂਝਾ, ਦੀਨਾ ਰੱਖਯਕ, ਨਿਧਰਿਆਂ ਦੀ ਧਰ ਏ।
ਸਭ ਦੀ ਇਛ ਪੁਜਾਵਣ ਵਾਲਾ, ਕਲਪ ਤਰੂ ਇਹ ਬਰ ਏ।
ਦੈਤੋਂ ਦੇਵ ਬਣੇ ਇਕ ਛਿਨ ਵਿਚ, ਜੋ ਇਸ ਦੇ ਲੜ ਲੱਗੇ,
ਸਭ ਤੋਂ ਉੱਚਾ ਸਭ ਤੋਂ ਸੁੱਚਾ, ਗੁਰੂ ਨਾਨਕ ਦਾ ਦਰ ਏ।

# ਬਾਬਾ ਸਾਹਿਬ ਸਿੰਘ ਜੀ

(ਕਰਤਾ— ਸ, ਕਲਿਆਨ ਸਿੰਘ 'ਪੰਛੀ')

ਬਾਬਾ ਸਾਹਿਬ ਸਿੰਘ ਊਨੇ ਦੀ ਧਰਤ ਉਤੋਂ, ਨਿਰਾ ਨੂਰ ਇਕ ਰਬ ਦਾ ਲਿਸ਼ਕਿਆ ਸੀ।
ਚੜ੍ਹੇ ਚੰਨ ਜਿਓਂ ਕਾਲਖਾਂ ਦੂਰ ਹੋਵਨ, ਜ਼ੁਲਮ ਇਸ ਤਰਹਾਂ ਵੇਖ ਕੇ ਖਿਸਕਿਆ ਸੀ।

ਬਿਨਾਂ ਸਾਹਿਬਾਂ ਦੇ ਊਣੀ ਸੀ ਧਰਤ ਜਿਹੜੀ, ਚਾਰ ਚੰਦ ਉਸ ਊਨੇ ਨੂੰ ਲਾ ਦਿਤੇ।
ਜ਼ਰੇ ਜ਼ਰੇ ਵਿਚ ਜੀਣ ਦੀ ਕਣੀ ਪਾ ਕੇ, ਨਸ਼ੇ ਵਿਚ ਮਖ਼ਮੂਰ ਬਣਾ ਦਿਤੇ।

ਨੀਵੇਂ ਨਮਾਣੇ ਨਥਾਵੇਂ ਨਿਓਟਿਆਂ ਨੂੰ, ਮੇਰੇ ਸਾਹਿਬਾਂ ਨੇ ਕਰ ਸਰਸ਼ਾਰ ਦਿਤਾ।
ਘੁਮਣ-ਘੇਰਾਂ ’ਚ ਡੁਬਦੇ ਜਾਣ ਜਿਹੜੇ, ਬੇੜਾ ਉਨ੍ਹਾਂ ਦਾ ਪਾਰ ਉਤਾਰ ਦਿਤਾ।

ਇਜ਼ਤ ਆਨ ਈਮਾਨ ਇਖ਼ਲਾਕ ਤਾਈਂ, ਪੀਸੇ ਜਾ ਰਹੇ ਇਹਨਾਂ ਬਚਾ ਲਿਆ ਸੀ।
ਡਿਗ ਰਹੇ ਮਜ਼ਲੂਮ ਬੇਦੋਸ਼ਿਆਂ ਨੂੰ, ਮੇਰੇ ਸਾਹਿਬਾਂ ਨੇ ਸੀਨੇ ਲਗਾ ਲਿਆ ਸੀ।

ਮੁਰਦਿਆਂ ਤਾਈਂ ਵੀ ਜ਼ਿੰਦਗੀ ਬਖ਼ਸ਼ ਦਿਤੀ, ਇੰਨੀ ਇਹਨਾਂ ਦੇ ਬੋਲਾਂ ’ਚ ਜਾਨ ਹੈ ਸੀ।
ਊਨੇ ਸਾਹਿਬ ਦਾ ਝੁਲਦਾ ਨਸ਼ਾਨ ਜਿਹੜਾ, ਮੇਰੇ ਦੇਸ਼ ਪੰਜਾਬ ਦੀ ਸ਼ਾਨ ਹੈ ਸੀ।

ਨੇਕੀ ਨਿਮਰਤਾ ਨਿਓਂ ਕੇ ਚਲਦਿਆਂ ਨੂੰ, ਸਦਾ ਨਵਾਜਦੇ ਹਥਾਂ ਤੇ ਚਾ ਲੈਂਦੇ।
ਇਹ ਉਹ ਦਰ ਹੈ ਜਿਥੇ ਗ਼ਰੀਬ ਆ ਕੇ, ਲਖਾਂ ਭੁਲਾਂ ਨੂੰ ਝਟ ਬਖ਼ਸ਼ਾ ਲੈਂਦੇ।

ਊਨੇ ਸਾਹਿਬ ਨੂੰ ਊਣਾ ਸੀ ਜੋ ਆਂਦਾ, ਬਖ਼ਸ਼ਸ਼ ਨਾਲ ਉਹਨੂੰ ਪੂਰਾ ਕਰ ਦੇਂਦੇ।
ਥੁੜੇ ਹੋਏ ਜੇ ਆ ਫ਼ਰਿਆਦ ਕਰਦੇ, ਰੈਹਮਤਾਂ ਨਾਲ ਇਹ ਝੋਲੀਆਂ ਭਰ ਦੇਂਦੇ।

ਝੱਪੀ ਤਪੀਸ਼ਵਰ ਇਹ ਸਨ ਠੀਕ ਐਪਰ, ਜ਼ੁਲਮ ਨਾਲ ਟਕਰਾਣਾ ਵੀ ਜਾਣਦੇ ਸਨ।
ਸ਼ੇਰਾਂ ਵਾਂਗ ਮੈਦਾਨਾਂ ’ਚ ਕੁਦ ਕੇ ਤੇ, ਚੋਟ ਨਗਾਰੇ ਤੇ ਲਾਣਾ ਵੀ ਜਾਣਦੇ ਸਨ।

ਰਾਖੀ ਇਹਨਾਂ ਮਜ਼ਲੂਮ ਦੀ ਸਦਾ ਕੀਤੀ, ਜਾਨ ਬੇਸ਼ਕ ਜੋਖੋਂ ’ਚ ਪਾਈ ਇਹਨਾਂ।
ਕਿਵੇਂ ਜ਼ੁਲਮ ਨੂੰ ਜੜ੍ਹੋਂ ਹਲਾਈਦਾ ਏ, ਮੇਰੇ ਦੇਸ਼ ਦੀ ਰਖ ਵਖਾਈ ਇਹਨਾਂ।

ਤਰਲੇ ਲਖ ਅੰਗਰੇਜ਼ ਨੇ ਪਾਏ ਕਹਿੰਦੇ, ਇਹਨਾਂ ਹਕ ਇਨਸਾਫ਼ ਨੂੰ ਛੋੜਿਆ ਨਾ।
ਲਖਾਂ ਜਾਲ ਫ਼ਰੇਬ ਦੇ ਪਾਏ ਐਪਰ, ਮੂੰਹ ਇਹਨਾਂ ਸਚਾਈ ਤੋਂ ਮੋੜਿਆ ਨਾ।

ਲੁਧਿਆਣੇ ਸ਼ਹਿਰ ਫ਼ਰੰਗੀ ਦਾ ’ਕਠ ਹੋਇਆ, ਫ਼ੌਜਾਂ ਬਹੁਤ ਅੰਗਰੇਜ਼ ਮੰਗਾ ਲਈਆਂ।
ਥਾਂ ਥਾਂ ਤੇ ਗੋਰੇ ਹੀ ਨਜ਼ਰ ਆਵਨ, ਭੀੜਾਂ ਰਜ ਕੇ ਉਹਨਾਂ ਨੇ ਪਾ ਲਈਆਂ।

ਤਿਲ ਧਰਨ ਦੀ ਰਹੀ ਨਾ ਥਾਂ ਓਥੇ, ਚਵਾਂ ਪਾਸਿਓਂ ਘੇਰਾ ਸੀ ਫੇਰ ਲਿਆ।
ਮੇਰੇ ਸਾਹਿਬਾਂ ਦੀ ਥੋੜੀ ਜਹੀ ਫ਼ੌਜ ਤਾਈਂ, ਚਵ੍ਹਾਂ ਪਾਸਿਓਂ ਆਣ ਕੇ ਘੇਰ ਲਿਆ।

(ਪਰ) ਬੇਦੀ ਅੰਸ ਦੇ ਨੂਰ ਭਰਪੂਰ ਕਹਿੰਦੇ, ਤੜਥੱਲੀ ਰਣ ਵਿਚ ਇਸ ਤਰ੍ਹਾਂ ਪਾਈ ਓਦੋਂ।
ਗਿਦੜ ਸ਼ੇਰ ਨੂੰ ਵੇਖ ਜਿਓਂ ਨੱਸਦੇ ਨੇ, ਇਓਂ ਗੋਰੇ ਦੀ ਫ਼ੌਜ ਭਜਾਈ ਓਦੋਂ।

ਊਨੇ ਸਾਹਿਬ ਦੀ ਧਰਤੀ ਗਵਾਹ ਸਾਡਾ, ਜਿਥੇ ਕਈ ਚਾਲ੍ਹਾਂ ਗੀਤੇ ਖੱਲੀਆਂ ਨੇ।
ਧੂਣ ਪਾ ਕੇ ਰਾਤਿਆਂ ਰਾਹਿਆਂ ਵਿਚ, ਥਾਂ ਥਾਂ ਤੇ ਜਾਂ ਮੱਲਾਂ ਮੱਲੀਆਂ ਨੇ।

(ਪਰ) ਧਨ ਜਿਗਰਾ ਬਾਬਾ ਸਾਹਿਬ ਜੀ ਦਾ, ਇਕ ਤਿਲ ਨ ਦੇਣ ਦੀ ਥਾਂ ਮੰਨੀ।
ਆਪ ਵਾਰ ਦਿਤਾ ਦੇਸ਼ ਕੌਮ ਪਿਛੇ, ਐਪਰ ਈਨ ਅੰਗਰੇਜ਼ ਦੀ ਨਾ ਮੰਨੀ।

ਬੇਸ਼ਕ ਬਾਦਸ਼ਾਹੀ ਮੂੰਹਜ਼ੋਰ ਹੋ ਕੇ, ਇੱਟਾਂ ਕਿਲ੍ਹੇ ਦੀਆਂ ਕੁਝ ਉਹ ਚੱਕ ਗਿਆ।
ਇੱਟਾਂ ਟੁਟੀਆਂ ਦੇ ਸੀਰ ਤੋਂ ਡਰ ਆਖਰ, ਹਾਕਮ ਧ੍ਰੋਹਿਆਂ ਹਿੰਦ ਨੂੰ ਛੱਡ ਗਿਆ।

ਮੇਰੇ ਸਾਹਿਬਾਂ ਨੇ ਜਿਥੇ ਵੀ ਚਰਨ ਪਾਏ, ਦੁਨੀਆਂ ਓਸੇ ਥਾਂ ਤੇ ਮਥੇ ਟੇਕਦੀ ਏ।
ਧੂਣੀਆਂ ਲਾ ਕੇ ਸਿਦਕ ਯਕੀਨ ਦੀਆਂ, ਨਿਓਂ ਨਿਓਂ ਕੇ ਅਗ ਪਈ ਸੇਕਦੀ ਏ।

ਬਾਬਾ ਸਾਹਬ ਮਧੁਸੂਦਨ ਸਿੰਘ ਅੱਜ ਵਾਲੇ, ਓਸੇ ਨੂਰ ਵਿਚੋਂ ਏਹ ਨੇ ਨੂਰ ਲੈਂਦੇ।
ਬੇੜੀ ਅਨਮ ਦੀ ਰਿਣਗ ਪਈ ਝਿਸ਼ਕਦੀ ਏ, ਰੌਸ਼ਨੀ ਨਾਲ ਨੇ ਇਹ ਭਰਪੂਰ ਲੈਂਦੇ।

ਆਓ ਇਹਨਾਂ ਦੇ ਪੂਰਨੇ ਪਾਇਆਂ ਉਤੇ ਸਾਰੇ ਚਲ ਕੇ ਜੀਵਨ ਬਣਾ ਲਈਏ।
ਗੁਨਾਹਾਂ ਨਾਲ ਹਾਂ ਅਸੀਂ ਭਰਪੂਰ 'ਪੰਛੀ', ਮਥਾ ਟੇਕ ਕੇ ਭੁਲਾਂ ਬਖਸ਼ਾ ਲਈਏ।

❖

# ਰੁਬਾਈ

(ਗਿਆਨੀ ਗੋਪਾਲ ਸਿੰਘ ਜੀ, 'ਮਿੱਤਰ')

ਗੁਰੂ ਨਾਨਕ ਦੇ ਖਿੜੇ ਚਮਨ ਦਾ,
ਰਾਖਾ ਬਣ 'ਮਧੁਸੂਦਨ' ਮਾਲੀ।

ਕਰ ਪਰਚਾਰ ਤਰਾਈ ਨਿਸ ਦਿਨ,
ਜਿਸ ਸੋਹਣੀ ਫੁਲਵਾੜੀ ਪਾਲੀ।

ਵੀਚਾਰ ਫੁੱਲ ਕਰ ਕਠੇ 'ਮਿਤ੍ਰ',
ਸਜਾਏ 'ਅਜੂਨੀ' ਦਾ ਗੁਲਦਸਤਾ।

ਰੱਖੇ ਹੱਥ ਮਿਹਰ ਦਾ ਸਿਰ ਤੇ,
ਗੁਰ ਦਸਮੇਸ਼ ਪੰਥ ਦਾ ਵਾਲੀ।

❖❖

**'ਅਜੂਨੀ' ਦਾ ਮੁਖ ਉਦੇਸ਼ ਗੁਰਮਤਿ ਦਾ ਪਰਚਾਰ ਹੈ। ਇਸ ਨੂੰ ਪੜ੍ਹਨਾ, ਪੜ੍ਹਾਣਾ ਅਤੇ ਇਸ ਦੀ ਮਾਇਕ ਸਹਾਇਤਾ ਕਰਨੀ ਹਰ ਗੁਰਸਿੱਖ ਦਾ ਫ਼ਰਜ਼ ਬਣਦਾ ਹੈ।**

# *Guru Nanak and Nanak-Panthis*

(Mid—Seventeen Century)

(From the 'Dabistan-i-Mazahib', Translated by S. Ganda Singh)

NANAK PANTHIS[1], who are known as Guru-Sikhs[2] or disciples of the Gurus (Nanak and his successors), have no belief in idols and idol-temples. Nanak is from the Bedis ; and Bedis are a sub-caste of the Khattris,[3] In the reign of His Majesty, the late Emperor Zahir-ud-Din Babur—may God illumine his argument—he (Nanak) became famous. Before the victory of the late Emperor (Babur), he (Nanak) was a *Modi*[4] to Daulat Khan Lodhi who was one of the high officials of Ibrahim Khan Emperor of Delhi And, *Modi* is an official in charge of the granary.

Once a saint came to him and captivated his heart so much so that Nanak, going to his shop, gave away (in charity to the poor) all his own and Daulat Khan's grain that he had in the shop and stores. He then served his connection with his wife and children. Daulat Khan was astonished to hear this. As he saw signs of saintliness in Nanak, he refrained from molesting him. In short, Nanak underwent severe austerities. At first he reduced his food, and after some time, he depended upon drinking a little of cow's milk. After that he lived on *ghee* and then on water. Lastly he lived on air like those who, in Hindostan, are called *Pavandharis* or consumers of air alone.[5]

Some people became his disciples. Nanak believed in (was convinced of) the unity of God as it is laid down in the tenets of Muhammad. He also believed in the doctorine of transmigration. Holding wine and pork unlawful, he abstained from animal food[6] and enjoined against cruelty to animals. After hls death meat-eating

---

1. *Panih* is a Sanskrit word meaning path, *Nanak-Panthi*, therefore, literally means a person following the path of Nanak, that is, a disciple of Nanak.
2. *Sikh* is a Panjabi word for the Sanskrit *Shishya*, meaning a disciple.
3. The second of the four castes of the Hindus,
4. A commisseriat or supply officer.
5. There is nothing in the biographies of the Guru to substantiate this statement. It appears to have been based on the authority of some one who wished to represent the Guru as one of the old Hindu recluses who are generally respected for their austerities.
6. Here the author or his informant seems to have erred. There is nothing in the teachings of Guru Nanak to condemn the use of animal food. On the other hand we find him cooking a dear, which a disciple had presented to him at Kurukshetra

(*Continued on next page*)

became common among his disciples. And when Arjun Mal, who is one of the prophetic order of Nanak, found that evil, he prohibited people from meat-eating and said : "This practice is not in accordance with the wishes of Nanak."[7] Eventually Hargobind. son of Arjun Mal, ate meat and hunted, and most of his disciples followed his practice.

Just as Nanak praised the Muhammadans, he also praised the incarnations and gods and goddesses of the Hindus. But he knew them all to be the creation and not the creator. He denied (the doctrines of) *Halool* (direct descent from or incarnation of God) and *Ittihad* (direct union of the All-pervading God with any particular body). They say that he had the rosary of the Muhammadans in his hand and the sacred Brahmanical thread round his neck.[8]

His disciples narrate many of his miracles which cannot find room in this brief sketch. One of these is that Nanak, having been displeased with the Afghans, deputed

---

(*Continued from page 14*)

during his visit to that place. When the Brahmans expressed their horror at his cooking of flesh on the occasion of a Solar eclipse, he replied :

Man is first conceived in flesh, he dwelleth in flesh.
When he quickeneth, he obtaineth a mouth of flesh ; his bones skin, and body are made of flesh.
When he is taken out of the womb, he seizeth teats of flesh.
His mouth is of flesh, his tongue of flesh, his breath is in flesh.
When he groweth up, he marries and bringeth flesh home with him.
Flesh is produced from flesh ; all man's relations are made from flesh.
[*Guru Granth Sahib, Var Malhar ki*. M. I., p. 1289 ; Macauliffe, i, 47-48 ]

The following is also on the same subject ;

Fools wrangle about flesh, but know not divine knowledge, or meditation of God,
They know not what is flesh, or what is vegetable, or in what sin consisteth,
They who forswear flesh and hold their noses when near it, devour men at night...
In flesh we are conceived, from flesh we are born, we are vessels of flesh......

[*Ibid*. Mac. *i*. 48.]

7. There is no such sentence traceable in the sayings of Guru Arjun in the *Guru Granth Sahib*

8. "He seems to be confusing the black woollen string called *Sehli* which a class saints wear in India and which is found in the fathers round Guru Nanak's neck.' [S. Umrao Singh Majithia in the *Khalsa Review*, June 1930. p. 5.] As for the Brahmanical thread, Guru Nanak had flately refused to put it on when the family priest Hardial proceeded to perform the ceremony. No remonstrances and persuasion of the priest were of any avail with the young Guru who gave utterenee to the following hymns :

[*Continued on next page*]

the Mughals over them. So in the year 932 (al-Hijri, 1526 A. D) His Majesty the late Emperor Zahir-ud-Din Muhammad Babur gained victory over the Afghan (Emperor) Ibrahim.

They also say that during one of his travels Baba Nanak spent a night in a fort and was absorbed in the vision of God. However much the children, who were playing.

---

[*Continued from page 33*]

(i) Make mercy thy cotton, contentment thy thread, continence its knot, trust its twist.
That would make a *Janeu* for the soul ; if thou have it, O Brahman, then put it on me.
It will not break, or become soiled or be burned or lost.
Blest the man, O Nanak, who goeth with such a thread on his neck.
Thou purchaseth a *janeu* for four *damris*, and seated in a square putteth it on.
Thou whisperest instruction that the Brahman is the *Guru* of the Hindus.
Man dieth, the *janeu* falleth, and the soul departeth without it...

[*Guru Granth Sahib, Asa di Var, p.* 471]

(ii) Though men commit countless thefts, countless adulteries utter countless false-hoods and countless words of abuse.
Though they commit countless robberies and villainies night and day against their fellow creatures,
Yet the cotton thread is spun, and the Brahman commeth to twist it.
For the ceremony they kill a goat and cook and eat it, and everybody then saith 'Put on the *janeu*'
When it becometh old, it is thrown away, and another is put on. Nanak, the string breaketh not if it be strong. [*Asa di Var, p. 471*]

(iii) By adoring and praising the Name, honour and a true thread are obtained,
In this way a sacred thread shall be put on, which will not break, and which will be fit for entrance into God's Court.
There is no string for the sexual organs, there is no string for women ;
There is no string for the impure acts which cause your beards to be daily spat upon ;
There is no string for the feet, there is no string for the hands ;
There is no string for the tongue, there is no string for the eyes ;
Without such strings the Brahman wandereth astray,
Twisteth strings for the neck and putteth them on others.
He taketh hire for marrying ;
He pulleth out a paper and showeth the fate of the wedded pair.
Hear and see, ye people, it is strange,
That, while mentally blind, man is named wise.

[*Asa di Var, P. 491*]

# ਸ੍ਰੀ ਗੁਰੂ ਨਾਨਕ ਪਾਤਸ਼ਾਹ



ਆਪਦੇ ਅਨਿੰਨ ਭਗਤ ਬਾਬਾ ਚੇਲਾ ਰਾਮ ਜੀ ਅਤੇ ਆਪ ਦੇ ਸਤਿਸੰਗੀ
ਇਸ ਮੋਹਨ ਮੂਰਤ ਦੀ ਪੂਜਾ ਕਰ ਰਹੇ ਹਨ।

## ਗੁਰੂ ਨਾਨਕ ਪਾਤਸ਼ਾਹ ਦੀ ਗਿਆਰਵੀਂ ਅੰਸ



ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ
ਗੁਰ ਗੱਦੀ ਊਨਾ ਸਾਹਿਬ

## ਜਗਤ ਗੁਰ ਬਾਬਾ




ਗੁਰੂ ਨਾਨਕ ਪਾਤਸ਼ਾਹ ਤੇ ਆਪ ਦੀ ਸੁੰਦਰ ਮੂਰਤ ਦੇ ਪੁਜਾਰੀ ਗੁਰਸਿਖ । ਇਹ ਸਰੂਪ ਝਾਕੀ ਸ. ਅਮਰ ਸਿੰਘ ਜੀ ਨਾਰੰਗਵਾਲ ਜ਼ਿਲਾ ਲੁਧਿਆਣਾ ਦੇ ਗ੍ਰਹਿ ਦੀ ਹੈ ।

there, touched his body with their hands, no motion appeared from him. They stitched up his eye-lids, nose and ears, and tied his hands tightly. When Nanak returned to himself from that state (of mental alienation, ecstasy) and found himself in that condition, he went to one of the houses". When he arrived at the threshold, he cried out "Is there any one in the house who can open my stitched up eye-lids with hands ?" A handsome woman, having conducted him into the house and, untying his hands, unstitched what was sewed up and cut the threads from the eyes of Baba Nanak with her teeth. Consequently the point of her *tilk* was impressed on the forehead of Nanak and the *tilk* of that woman became smothered. When Nanak came out of her houss, the neighbours saw him in that condition (with the *iilk* mark on his forehead) and thought that he had copulated with that woman. Consequently the woman became infamous in the community. And, a dislike appeared towards her in the mind of her husband.

The woman one day came to Nanak and said : "I rendered you service in the name of God, and now they blame me." Nanak Said : "To-morrow the gate of the fort shall get shut and it shall not open till your hand reaches (touches) it." The next day, however they did try to open the gate of the fort, it did not open. The people remained in that state of helplessness. The place was high and away from water, The quardrupeds also could not get out. The inhabitants of the fort approached all those persons whom they considered to be holy. The closed gate did not open by the prayers of that community untill (the people of) that community came to Nanak and said : "Oh saint, what is the remedy for this thing ?" He replied : "This door shall not open except by the hand of a woman who has not done what is unlawful with a stranger (that is, who has not co-habited with a person other than her husband)". The people of the fort took the women, whom they considered to be virtuous and chaste, to the gate of the fort. But it was of no avail. At last every woman who was inside the fort rubbed her hand against the gate, but no good came out of it. Consequently they sat down in despair.

At the time of the evening prayer, the friend of Baba Nanak came. The people laughed on seeing her. Her husband and near relatives, being ashamed, rebuked her. The woman lent no ear to what the community said. Striking her hand into the gate-ring, she pulled it. And lo ! the closed gate was opened. The people having been astonished fell at the woman's feet[9],

The *Bani* of Nanak, that is his hymns, comprise prayers, admonitions and counsels, and most of the sayings are on the greatness of God Most Holy. And all that is in the language of the Jats. A Jat, in the vocabulary of the Panjab, is a

---

9. The story is not traceable in any of the biographies of the Guru.

villager and a peasant. His (Nanak's) disciples have no regard for the Sanskrit language. The rules and regulations which Nanak laid down will be described hereafter.

Nanak has said in his hymns:

> "Heavens and earths are numerous. Prophets, saints, incarnations (*Avtars*) and *Sidhs* have attained perfection through devotion to God. And everyone who strives in the worship of God, by whatever path he wishes, becomes favourite of God. The means of (attaining) proximity of God is non-injury to (any) living being.
>
> "Be righteous that you become freed (saved). Righteousness from you (shall bring to you) success from God."[10]

The sons of Nanak are in the Panjab. They are called *Kartari* (that is, the worshippers of *Kartar*, the Creator). But according to the opinion of some, the spiritual office did not inherit to his sons. They say that by his order Guru Angad from the caste of the Trehan[11] Khattris sat in the place (succeeded to the spiritual office) of Nanak. After him Guru Amardas, from the *Bhalla Khattri* caste, became his successor, and after him sat Guru Ramdas who is from the *Sodhi Khattris* and whom they call *Sri Guru*, the Great Master, also.

After the death of Ramdas his son Arjun Mal sat in place of his father. In his time the Sikhs or disciples became numerous and made exaggerations in the beliefs They said: "Baba Nanak is God and the world is of his creating." But in (his) hymns Baba Nanak reckoned himself a slave (of God) and called God *Niranjan*, the Formless, *Parbrahm*, the Supreme Lord, who is not body and bodied and is not united with (material) body. The Sikhs say Baba Nanak was such and had no body, but he appeared to us through his power. And they go so far that when Nanak left his body, he absorbed (himself) in Guru Angad who was his nearest servant (most devoted disciple), and that Guru Angad is Nanak himself. After that, at the time of his death, Guru Angad entered into the body of Amardas in the above mentioned manner. He in the same manner occupied a place in the body of Ramdas, and Ramdas in the same way got united with Arjun Mal. They give everyone the name of a *Mahal*; first *Mahal* being Nanak, second *Mahal* Angad and so on till ths fifth *Mahal* who is Arjun Mal. They said that whoever does not acknowledge (or believe in) Guru Arjan Mal to be the very self of Baba Nanak becomes *Manmukh*[12] or a non-believer.

10. *Guru Granth Sahib*,

11. The word ਤ੍ਰੇਹਨ (*Trehan*, in Persian script) is wrongly transcribed as ਸ੍ਰੀਨ (*Srin*) in the lithographed copies. Guru Angad was born in the *Trehan* sub-caste of the Khattris and not in the *Srin* sub-caste.

12. By an error in reading the persian *Shikastah* hand, the word ਮਨਮੁਖ *man-mukh* is wrongly transcribed as ਮਰਨਖ *marnakh* or *maranakh*. *Man-mukh* in Panjabi means a non-believer.

They have [numerous] stories. They say that in ancient time Baba Nanak was Raja Janak[13]. ...In the opinion of the disciples of Nanak, Guru Nanak, in a life from previous creations, having been Raja Janak, had accomplished spiritual works along with his temporal kingdom and called mankind to God.

The chronicler (the author himself) has heard from reliable Sikhs that when Baba Nanak appeared in the *Sat jug*[14], a crowd of disciples came round him. He sent a cow into the kitchen. When cooked, they brought it to the *Sangat*, that is, the congregation of the Sikhs. Some ate of it and the others ran away. The Guru prayed and the cow came to life. On seeing that condition (of the cow come to life), the crowd that had run away returned and submitted : "Now we shall eat whatever is ordered (In the kitchen)." The Guru, that is, Nanak, said, "Now it cannot be, and our promise to you is for the *Treta jug*." So in the cycle of the Treta the Guru appeared. The disciples assembled, as I have said, killed a horse and brought it into the assembly. Some ate of it and a crowd disliked it. So he (Nanak) prayed and the horse became alive. The deserters made the same previous request. This time he said, "Now our promise to you is for the *Duapar Jug*." And in the cycle of Dwapar they brought an elephant into the kitchen. At that time also it happened as I have said. The promise was made for the *Kal-Jug*. They say that in the *Kal Jug* they brought a man into the kitchen. Whoever are of it was liberated and he who refrained (from eating it), remained in suffering.[15]

---

13. After this follows a long irrelevent account of Raja Janak thefather* of Sita, the dutiful wife of King Rama of Ayodhia from, the *Yog Vashisth*. It has no bearing on the subject. I have, therefore, omitted it.
14. Hindu astronomers have divided time into *Kalpas*, *Mahayugas* and *Yugas*. A *Katpa* is the greatest Indian division of time. It consists of 1000 *Mahayugas*. A *Mahayuga* is composed of four *yugas* of different lengths, the *Krit* or *Sat* the *Dwapur*, *Treta* and *Kali*. The *Kaliyuga*, or the *Kaljug*, as it is called in Northern India, consists of 432,000 solar years. The Dwapar-yuga is double the length of the Kali, the Treta-yuga is triple and the Sat-yuga is quadruple. According to the *Surya Sidhanta*, the present Kali-yuga commenced at midnight on Thursday, the 17-18th February, 3102 B.C., while others have calculated it to have commenced on the following sunrise, 18th February.

    [Sewell and Dikshit, *the Indian Calendar*, 6]
15. I have not seen this recorded anywhere in the sikh historical and religious works, nor have I heard of it from any one as an oral tradition. This is, apparently an adoption of some old story related by some one with the object of representing the Guru to be in no way inferior to any of the mythological Hindu deties.

I have also heard from a Sikh, who called Nanak a near Slave of God, that when Nanak severed his bodily connection, his soul reached a fork, where one road ran in the direction of heaven and the other in that of hell. Nanak chose the road to hell, and he brought the inhabitants of hell out of the internal region. And the Most High addressed him. "Those sinners cannot enter heaven. So you should go to the world and liberate this multitude." Nanak consequently came to the world. And now those inhabitants of all are the multitude of his disciples. And the Guru comes to this world and returns back till all of that sect obtain salvation. Other than this man, no one is seen from among the Sikhs who hold Baba Nanak to be God.

In short, the disciples of Nanak condemn idol-worship. Their belief is that all their Gurus are Nanak, as has been said. They do not read the *Mantars*[16] of the Hindus. They do not venerate their temples of idols, nor do they esteem their *Avtars*.[17] They have no regard for the Sanskrit language which, according to the Hindus, is the speech of the angles,[18]

In short, during the time of each *Mahal* (Guru), the Sikhs increased till in the reign of Guru Arjan Mal they became numerous, and there were not many cities in the inhabited countries where some Sikhs were not to be found. There is no restriction among them that a Brahman may not become the disciple of a Khattri[19], for Nanak was a Khattri, and no Guru amongst them was from the Brahmans, as has been described. Similarly they placed Khattris under the authority of the Jats, who belong to the low caste of the Vaishyas[20], as the big *Masands*[21], of the Guru are mostly Jats.

---

16. The Vedic and Puranic hymns.
17: Incarnations of God, such as Rama and Krishna.
18. Gods like Brahma and Vishnu Compare Swami Dayananda's *Satyarth Prakash*, Urdu, 4th edition, p. 565.
19. According to old Hinduism, the duty of teaching is assigned exclusively to the Brahmans. There is a restriction, therefore, for a Kshatriya to become the teacher of a Brahman But as caste distinction is not allowed by Sikhism, no such restriction exists among the Sikhs.
20. The second lowest class of the Hindus.
21. Agent or deputies. The word *Masnand*, a corrupted form of Persian *Masnad* and synonym of Panjabi *manji* or cot was used for the Sikh missionaries. When preaching, these missionaries were usually seated on *Masands* (high seats) or cots out of reverence for their religious learning and devotion, while the audience squatted on the ground, covered with carpets or otherwise. The word *Masnad* corrupted as M*nsand*, came to be used for them as mentioned in the text.

The Brahman and Khattris are (become) *Meli*[22] and *Sahlang*[23], that is, pupils and disciples of the Guru, through the medium of a *Masand*, and are accepted into the pupilage and discipline of the Guru.

It should be known that in the reign of the Afghan kings, the nobles were addressed in writing as *Masnad-i-Ali* or the high seat. Subsequently by frequent use the Indians have reduced it to *Masand*. And as the Sikhs consider the Gurus *Sacha Padshah*, that is, the Veritable King, they call their agents *Masand*. They call them Ram das (or the servants of God) also.

In the time of the *Mahals* before the fifth *Mahal*, no *bhet*[24] (offering) or tribute was collected from the Sikhs. Whatever was presented by the Sikhs themselves was accepted (and deemed enough). During his time, Arjun Mal deputed one person to the Sikhs of every city so that he might collect tribute and offerings from them. [This deputy or agent was called *Masand*]

People began to become Sikhs of the Guru through the medium of *Masands*. The Chief Masands, through whom large numbers became Sikhs of the Guru, appointed deputies on their own behalf, so that in every place and *Mahal*[25], people, having (at first) become *Meli* (associates or pupils) of the Masand through the Masand's agent, become the Sikhs of the Guru.

They have so decided that an *Udasi*, that is a renouncer of the world, is not praise-worthy. Therefore, some Sikhs of the Guru do agricultural work and some trade, and a multitude takes up service. Every year according to the extent of the money earned by them, they send (their dues) to the Masands in the form of offerings. The Masands do not touch (that is, they do not appropriate it to their own use). Other

---

22. *Meli* in Panjabi means a companion, a brother-in-faith, or a member of a congregation.
23. This word is not legible in the lithographed text. S. Umrao Singh in his translation in the *Khalsa Review* has transliterated it as *Sahayak*. The word in the text, is nearer to *Satsang*.

    There is, however, a word *Sahlang* which occurs in the hymns of the third and fourth Gurus Amardas and Ramdas in the *Gauri* and *Suhi* in the *Guru Granth Sahib*. It means 'connected with' or 'combination of' (*Sri Guru Granth Kosh*, Khalsa Tract society, Amritsar; 2nd ed. p. 164). But it does not appear to have been in common use and the word *Sahayak* is seldom met with in the Sikh literature whereas *Satsang* is one of the commonest words and is very closely related to *meli*.
24. The word *bhet* means voluntary 'offering to a holy man or deity', and not tax or tribute.
25. Here the word *Mahal* means a *pargana*, a territorial divison.

than this, whatever they bring, during the year, for the Masand (himself) for conveying their *bhet* to the Court of the Guru, is spent for himself, if the Masands has no other means of livelihood. But if he himself is engaged is some business or profession, he never soils himself by (misappropriating to himself) the offerings (of the Sikhs). Collecting all (the offering), he conveys them to the Guru.

In the month of Baisakh (April), when the sun is in the sign of Taurus, the Masands assemble at the Court of the Guru. Whoever from among their Melis Members of the Masands' congregation) wishes, and is able to undertake the journey, comes to Guru with the Masands. At the time of taking leave (from the Guru's presence), the Guru bestows a turban on each of the Masands.

## ਬਾਬਾ ਬਿਕ੍ਰਮ ਸਿੰਘ ਬੇਦੀ

(ਗਿਆਨੀ ਦਇਆ ਸਿੰਘ ਜੀ ਦਿਲਬਰ)

ਜਦੋਂ ਡੋਗਰਾ ਗਰਦੀ ਨੇ ਜਾਲ ਤਣਿਆ, ਓਸ ਜਾਲ ਵਿਚ ਕਈ ਸ਼ਕਾਰ ਫਸ ਗਏ।
ਫਸ ਗਏ ਰਾਜ ਦੇ ਰਾਜੇ ਤੇ ਮਹਾਰਾਜੇ, ਕਈ ਫੌਜੀ ਜਰਨੈਲ ਸਰਦਾਰ ਫਸ ਗਏ।
ਸਿਖ ਰਾਜ ਦੇ ਥੱਮ ਤੇ ਨੀਤੀ ਵੇਤਾ, ਕਈ ਯੋਧੇ ਤੇ ਸ਼ਾਹ ਅਸਵਾਰ ਫਸ ਗਏ।
ਐਸੀ ਚੋਗ ਖਲਾਰੀ ਸ਼ਕਾਰੀਆਂ ਨੇ, ਦਾਨਸ਼ਮੰਦ ਤੇ ਬੜੇ ਹੁਸ਼ਿਆਰ ਫਸ ਗਏ।
ਇਕ ਸ਼ੇਰਿ ਪੰਜਾਬ ਦੀ ਮੌਤ ਪਿਛੋਂ, ਰਾਜੇ ਰਾਣੀਆਂ ਹੋਸ਼ ਗਵਾ ਬੈਠੇ।
ਸਮਝੀ ਚਾਲ ਨਾ ਕਿਸੇ ਨੇ ਡੋਗਰੇ ਦੀ, ਅੱਗ ਆਪਣੇ ਘਰ ਨੂੰ ਲਾ ਬੈਠੇ।
ਖੜਗ ਸਿੰਘ ਨੂੰ ਕੈਦ ਵਿਚ ਜ਼ਹਿਰ ਦਿਤਾ, ਛੱਜੇ ਹੇਠ ਆ ਕੇ ਨੌਨਿਹਾਲ ਤੁਰ ਗਿਆ।
ਚੰਦ ਕੌਰ ਨਾ ਰਹੀ ਸ਼ੇਰ ਸਿੰਘ ਨਾ ਰਿਹਾ, ਧਿਆਨ ਸਿੰਘ ਵੀ ਕਰਦਾ ਪਲਾਲ ਤੁਰ ਗਿਆ।
ਛੇੜੀ ਜੰਗ ਸਤਿਲੁਜ ਕੰਢੇ ਬੇਈਮਾਨਾਂ, ਸ਼ਾਮ ਸਿੰਘ ਅਟਾਰੀ ਜਿਹਾ ਲਾਲ ਤੁਰ ਗਿਆ।
ਪੈਰ ਗੋਰਿਆਂ ਰੱਖੇ ਲਾਹੌਰ ਆ ਕੇ, ਸਿਖ ਰਾਜ ਦਾ ਜਾਹੋ ਜਲਾਲ ਤੁਰ ਗਿਆ।
ਉਨੇ ਵਿਚ ਬੈਠਾ ਬਾਬਾ ਬਿਕ੍ਰਮਾ ਸਿੰਘ, ਕੌਮੀ ਹਾਲ ਤੇ ਹੰਝੂ ਵਗਾ ਰਿਹਾ ਸੀ।
ਬੇੜੀ ਰੁੜ੍ਹੀ ਜਾਂਦੀ ਕਿਵੇਂ ਬਚ ਜਾਵੇ, ਦਿਨੇ ਰਾਤ ਇਹ ਸੋਚਾਂ ਦੁੜ੍ਹਾ ਰਿਹਾ ਸੀ।
ਬਾਬੇ ਸਾਹਿਬ ਸਿੰਘ ਦਾ ਨੂਰਿ ਨਜ਼ਰ ਸੀ ਓਹ, ਬਾਪੂ ਕੌਮ ਦਾ ਜਿਹਨੂੰ ਵਿਦਵਾਨਾਂ ਲਿਖਿਆ।
ਓਹ ਪਰਤਾਪੀ ਸੀ ਲਾਲ ਪਰਤਾਪ ਕੌਰ ਦਾ, ਜਿਸਨੂ ਇਨਕਲਾਬੀ ਸਿਆਸਤਦਾਨਾ ਲਿਖਿਆ।
ਸਿਖ ਰਾਜ ਦੇ ਥੰਮ ਵੰਗਾਰੇ ਓਹਨੇ, ਹਰ ਇਕ ਯੋਧੇ ਨੂੰ ਗਰਮ ਪ੍ਰਵਾਨਾ ਲਿਖਿਆ।
ਉਠੋ ਰਾਜ ਬਚਾ ਲਵੋ ਖਾਲਸੇ ਦਾ,. ਬਦਲ ਜਾਣਾ ਹੈ ਛੇਤੀ ਜ਼ਮਾਨਾ ਲਿਖਿਆ।
ਮਹਾਰਾਜ ਸਿੰਘ ਨੇ ਡੱਟ ਕੇ ਸਾਥ ਦਿਤਾ, ਓਧਰ ਹੋ ਗਈ ਬਗ਼ਾਵਤ ਮੁਲਤਾਨ ਦੇ ਵਿਚ।
ਸਿਖ ਹਾਰ ਗਏ ਕਿਸਮਤ ਨਾ ਸਾਥ ਦਿਤਾ, ਜਾ ਕੇ ਚੇਲਿਆਂ ਵਾਲੀ ਮੈਦਾਨ ਦੇ ਵਿਚ।
ਜਿਹਨਾਂ ਪੰਥ ਬਦਲੇ ਘਾਲਾਂ ਘਾਲੀਆਂ ਸੀ, ਉਹਨਾਂ ਉਤੇ ਅੰਗ੍ਰੇਜ਼ ਦੀ ਅੱਖ ਹੋ ਗਈ।
ਪਿੰਡ ਇਕ ਸੌ ਸਤਾਰਾਂ ਸਭ ਜ਼ਬਤ ਕਰ ਲਏ, ਖੁਦਗਰਜ਼ਾਂ ਦੀ ਜੁੰਡਲੀ ਵੱਖ ਹੋ ਗਈ।
ਸਾਰੇ ਕਿਲ੍ਹੇ ਦੁਆਬੇ ਦੇ ਢਾਹ ਦਿਤੇ, ਜਾਇਦਾਦ ਸੀ ਲੱਖਾਂ ਦੀ ਕੱਖ ਹੋ ਗਈ।
ਨਜ਼ਰਬੰਦ ਕੀਤੇ ਬਾਬਾ ਬਿਕ੍ਰਮਾ ਸਿੰਘ, ਪੰਥ ਖ਼ਾਲਸੇ ਦੀ ਪੂਰੀ ਪੱਖ ਹੋ ਗਈ।
ਅਮਰਤਸਰ ਦੇ ਵਿਚ ਚੌਦਾਂ ਸਾਲ ਰਹਿ ਕੇ, ਅੰਤ ਜੋਤ ਵਿਚ ਜੋਤ ਮਿਲਾ ਗਏ ਉਹ।
ਚਾਨਣ ਦੇਵੇਗੀ ਸਦਾ ਹਨੇਰਿਆਂ ਵਿਚ, ਦਿਲਬਰ ਸ਼ਮ੍ਹਾਂ ਕੁਰਬਾਨੀ ਜਗਾ ਗਏ ਉਹ।

# ਪੰਜਵਾਂ ਆਸ਼੍ਰਮ ਭਾਗ

## (੧) ਦੋ ਪ੍ਰਕਾਰ ਦੇ ਆਸ਼੍ਰਮ

ਵਰਤਮਾਨ ਸਮੇਂ ਸਿਖ ਪੰਥ ਵਿਚ ਦੋ ਪ੍ਰਕਾਰ ਦੇ ਆਸ਼੍ਰਮ ਹਨ ਜਿਨ੍ਹਾਂ ਵਿਚੋਂ ਇਕ ਪ੍ਰਕਾਰ ਦੇ ਪ੍ਰਮਾਰਥ ਸਾਧਕ ਹਨ ਜੋ ਧਰਮ ਦੇ ਕੇਂਦਰ ਅਤੇ ਪੰਥ ਦਾ ਬਾਹਨਣੂ ਹਨ ਜਿਨ੍ਹਾਂ ਦਾ ਧ੍ਰੂਵਾ ਪੰਥ ਦੇ ਪੁਰਾਤਨ ਸਮੇਂ ਤੋਂ ਬਝਿਆ ਅਤੇ ਵਧਦਾ ਚਲਿਆ ਆਂਵਦਾ ਹੈ ॥

ਅਤੇ ਦੂਜੀ ਪ੍ਰਕਾਰ ਦੇ ਬਿਵਹਾਰ ਸਾਧਕ ਆਸ਼੍ਰਮ ਹਨ ਜੋ ਬਿਵਹਾਰਕ ਵਿਦਯਾ ਦੇ ਕੇਂਦ੍ਰ ਹਨ, ਸਮੇਂ ਦੇ ਸੁਭਾਉ ਪਰ ਬਿਵਹਾਰਕ ਵਿਦਯਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਨ੍ਹਾਂ ਆਸ਼੍ਰਮਾਂ ਦਾ ਨਵੀਨ ਧ੍ਰੂਵਾ ਕਾਇਮ ਹੋਇਆ ਹੈ ॥

## (੨) ਪ੍ਰਮਾਰਥ ਸਾਧਕ ਆਸ਼੍ਰਮ

ਪ੍ਰਮਾਰਥ ਸਾਧਕ ਆਸ਼੍ਰਮ (ਧਰਮ ਸਥਾਨ) ਏਹ ਹਨ (ੳ) ਸ੍ਰੀ ਦਰਬਾਰ ਸਾਹਿਬ ਹਰਿਮੰਦਰ ਜੀ (ਅ) ਤਖਤ ਸਾਹਿਬ (ੲ) ਗੁਰਦੁਵਾਰੇ (ਸ) ਨਗਰਾਂ ਪਿੰਡਾਂ ਦੀਆਂ ਧਰਮਸਾਲਾਂ (ਹ) ਗੁਰ ਅੰਸਾਂ ਤਥਾ ਬਖਸ਼ਸ਼ਾਂ ਵਾਲਿਆਂ ਦੀਆਂ ਗੁਰ ਗੱਦੀਆਂ ਦੇ ਆਸ਼੍ਰਮ (ਕ) ਸੰਤਾਂ ਮਹੰਤਾਂ ਦੇ ਡੇਰੇ ਸਥਾਨ ॥

ਇਨ੍ਹਾਂ ਉਪ੍ਰੋਕਤਿ ਆਸ਼੍ਰਮਾਂ ਦਾ ਜਿਤਨਾ ਤੇਜ ਪ੍ਰਤਾਪ ਪਰੇਜ ਸੋਭਾ ਅਤੇ ਵਡਿਆਈ ਮਾਨ ਪ੍ਰਤਿਸ਼ਠਾ ਹੋਵੇ ਓਹ ਪੰਥ ਦਾ ਹੀ ਤੇਜ ਪ੍ਰਤਾਪ ਪਰੇਜ ਸੋਭਾ ਅਤੇ ਵਡਿਆਈ ਹੈ। ਤਥਾ ਹੀ ਇਨ੍ਹਾਂ ਦੀ ਖਸਤਾ ਹਾਲੀ ਪੰਥ ਦੀ ਖਸਤਾ ਹਾਲੀ ਹੈ। ਸੋ ਇਨ੍ਹਾਂ ਦੀ ਵਡਿਆਈ ਅਤੇ ਮਾਨ ਪ੍ਰਤਿਸ਼ਠਾ ਕਾਇਮ ਰਖਕੇ ਵਧਾਉਣਾ ਸਭਨਾਂ ਸਿਖਾਂ ਦਾ ਪਰਮ ਧਰਮ ਹੈ ॥

## (੩) ਸ੍ਰੀ ਹਰਿਮੰਦਰ ਦਰਬਾਰ ਸਾਹਿਬ ਅੰਮ੍ਰਿਤਸਰ ਜੀ

(੩) ਸਭਨਾਂ ਆਸ਼੍ਰਮਾਂ ਦਾ ਸ਼ਿਰੋਮਣੀ ਸਾਰੇ ਪੰਥ ਦਾ ਵੱਡਾ ਮਾਲਕ ਹਰਿ ਪਰਮੇਸ਼ਰ ਅਕਾਲ ਪੁਰਖ ਜੀ ਦਾ ਤਥਾ ਪੰਥ ਦੇ ਵਾਲੀ ਸ੍ਰੀ ਗੁਰੂ ਜੀ ਦਾ ਬੜਾ ਰਾਜ ਦਰਬਾਰ ਹੈ। ਜੈਸੇ ਸੰਸਾਰੀ ਪਾਤਸ਼ਾਹਾਂ ਦੇ ਰਾਜ ਦਰਬਾਰ ਦੇ ਸਥਾਨ ਜੁਦੇ ਹੁੰਦੇ ਹਨ। ਇਸੀ ਪ੍ਰਕਾਰ ਸ੍ਰੀ ਹਰਿਮੰਦਰ ਜੀ ਦਰਬਾਰ ਹੈ ਤੇ ਤਖਤ ਅਕਾਲ ਬੁੰਗਾ ਸਾਹਿਬ ਆਦਿਕ ਤਖਤ ਸਾਹਿਬ ਇਨਤਜਾਮੀ ਅਦਾਲਤਾਂ ਦੇ ਮਹਿਕਮੇ ਪੰਥ ਦੇ ਵਾਸਤੇ ਹਨ। ਜਿਤਨੇ ਤਖਤ ਸਾਹਿਬ ਅਤੇ ਗੁਰਦੁਵਾਰੇ ਆਦਿਕ ਆਸ਼੍ਰਮ ਹਨ ਸਭਨਾਂ ਦੇ ਦਰਜੇ ਇਸ ਦੇ ਨੀਚੇ ਹਨ। ਤਰਨ ਤਾਰਨ ਸਾਹਿਬ ਜੀ ਦਾ ਹਰਿਮੰਦਰ ਦਰਬਾਰ ਸ੍ਰੀ ਹਰਿਮੰਦਰ ਅੰਮ੍ਰਿਤਸਰ ਜੀ ਦੇ ਦਰਬਾਰ ਤੋਂ ਦੂਜੇ ਥਾਂ ਹੈ ॥

## (੪) ਤਖਤ ਸਾਹਿਬ

(੪) ਤਖਤ ਸਾਹਿਬ ਜੋ ਆਸ਼੍ਰਮ ਹਨ ਏਹ ਸਭਨਾਂ ਆਸ਼੍ਰਮਾਂ ਅਤੇ ਸਾਰੇ ਪੰਥ ਪਰ ਕੁੰਡਾ ਹਨ। ਸੰਸਾਰ ਪਰ ਸੁਤੰਤ੍ਰਤਾ ਰੂਪੀ ਪਦਾਰਥ ਬਹੁਤ ਹੀ ਪਿਆਰਾ ਸਮਝਿਆ ਜਾਂਦਾ ਹੈ ਜਿਸਨੂੰ ਨਰ ਪਸ਼ੂ ਪੰਖੀ ਕੀਟ ਪਤੰਗ ਸਭ ਤਰਸਦੇ ਹਨ। ਮਨੁਖ ਭੀ ਏਹੀ ਚਾਹੁੰਦਾ ਹੈ ਕਿ ਇਸਦੇ ਸਿਰ ਪਰ ਕੋਈ ਭੀ ਪੁਛ ਗਿਛ ਵਾਲਾ ਕੁੰਡਾ ਨਾ ਹੋਵੇ ਤਾਂ ਕਿ ਜੋ ਚਾਹੇ ਕਰੇ। ਪਰ ਇਹ ਨਹੀਂ ਜਾਣਦਾ ਕਿ ਏਹ ਮਨ ਵੱਡਾ ਭੈੜਾ ਹੈ। ਜੇਕਰ ਰਾਜਾ ਦਾ ਡਰ ਅਤੇ ਵੇਦਾਂ ਲੋਕਾਂ ਅਤੇ ਕੁਲਾਂ ਦਾ ਡਰ ਨਾ ਹੋਵੇ, ਅਪਣੇ ਮਨ ਦੀ ਮਤ ਜੋ ਅਕਸਰ ਖੋਟੀ ਹੁੰਦੀ ਹੈ ਖਬਰ ਨਹੀਂ ਕੀ ਕੀ ਉਪਦ੍ਰਵ ਕਰਾਵੇ। ਸੋ ਖੁਟਾਈਆਂ ਤੋਂ

ਬਚਨ ਲਈ ਕਿਸੀ ਨਾ ਕਿਸੀ ਕੁੰਡੇ ਦੀ ਸਿਰ ਪਰ ਜ਼ਰੂਰ ਹੀ ਲੋੜ ਹੈ ਜਿਸ ਦੀ ਤਾੜਨਾ ਦਾ ਡਰ ਬਣਿਆ ਰਹੇ ਤਾਂ ਜੋ ਅਨੁਚਿਤ ਕਾਰਵਾਈ ਨਾ ਹੋਵੇ। ਜਿਨ੍ਹਾਂ ਲੋਕਾਂ ਦੇ ਸਿਰ ਪਰ ਕੋਈ ਕੁੰਡਾ ਨਹੀਂ ਰਹਿਆ ਓਹ ਅਵਾਰਾ ਹੋਕਰ ਖਰਾਬ ਹੋ ਹੋ ਕਰ ਅੰਤ ਨੂੰ ਆਤਮ ਘਾਤੀ ਹੁੰਦੇ ਦੇਖੇ ਜਾਂਦੇ ਹਨ। ਸੋ ਏਹੁ ਹਾਲ ਧਰਮ ਪੰਥਾਂ ਅਤੇ ਸੰਪ੍ਰਦਾਵਾਂ ਦਾ ਹੈ। ਸੋ ਸਭਨਾਂ ਪੰਥਾਂ ਵਿਚੋਂ ਜੈਸਾ ਉੱਤਮ ਅਤੇ ਸਲਾਘਾ ਯੋਗ ਪ੍ਰਬੰਧ ਸਿਖਾਂ ਦੇ ਖਾਲਸਾ ਪੰਥ ਦਾ ਹੈ ਐਸਾ ਹੋਰ ਕਿਸੀ ਸੰਪ੍ਰਦਾਈ ਪੰਥ ਦਾ ਨਹੀਂ ਹੈ। ਹੋਰਨਾਂ ਪੰਥਾਂ ਦੇ ਵਿਚ ਕੋਈ ਕਿਸੀ ਪ੍ਰਕਾਰ ਦੀ ਬੇਮ੍ਰਜਾਦੀ ਵਰਤੇ ਤਾਂ ਕੋਈ ਭੀ ਪੁਛ ਗਿਛ ਵਾਲਾ ਕੁੰਡਾ ਨਹੀਂ ਹੈ ॥

ਪਰ ਖਾਲਸਾ ਪੰਥ ਦੇ ਵਿਚ ਕਿਸੀ ਪ੍ਰਕਾਰ ਦੀ ਬੇਮਰਯਾਦਾ ਵਰਤਣੇ ਪਰ ਪੁਛ ਗਿਛ ਕਰਨ ਵਾਲੇ ਤਖਤ ਸਾਹਿਬ ਪੰਥ ਦੇ ਸਿਰ ਪਰ ਕੁੰਡਾ ਹਨ। ਜੋ ਬੇਮ੍ਰਿਜਾਦੀ ਕਰੇ ਉਸ ਨੂੰ ਪੰਥ ਵਿਚੋਂ ਛੇਕਿਆ ਜਾਂਦਾ ਹੈ। ਅਤੇ ਪੰਥ ਵਿਚੋਂ ਓਹ ਹੀ ਛੇਕਿਆ ਸਮਝਿਆ ਜਾਂਦਾ ਹੈ ਜੋ ਤਖਤਾਂ ਸਾਹਿਬਾਂ ਤੋਂ ਛੇਕਿਆ ਜਾਏ। ਤਖਤਾਂ ਸਾਹਿਬਾਂ ਪਰ ਕਿਸੀ ਦੀ ਅਰਦਾਸ ਬੰਦ ਹੋ ਜਾਣ ਦਾ ਤਾਤਪਰਯ ਪੰਥ ਵਿਚੋਂ ਛੇਕੇ ਜਾਨ ਦਾ ਹੈ ॥

ਅਤੇ ਪੰਥ ਵਿਚ ਛੇਕੇ ਹੋਏ ਨੂੰ ਮਿਲਾਉਣ ਦੀ ਹੱਦ ਭੀ ਏਹੁ ਹੈ ਕਿ ਤਖਤਾਂ ਸਾਹਿਬਾਂ ਪਰ ਉਸ ਦੀ ਅਰਦਾਸ ਭੇਟ ਹੋ ਜਾਏ ਤਾਂ ਉਸ ਪਰ ਕੋਈ ਗਿਲਾਨੀ ਨਹੀਂ ਕਰ ਸਕਦਾ ਓਹ ਪੰਥ ਦੇ ਨਾਲ ਮਿਲਿਆ ਸਮਝਿਆ ਜਾਂਦਾ ਹੈ।

(੫) ਸਿਖਾਂ ਦੇ ਖਾਲਸਾ ਪੰਥ ਨੂੰ ਆਪਣੀ ਸੂਰਤ ਅਤੇ ਮ੍ਰਿਜਾਦਾ ਵਿਚ ਕਾਇਮ ਰਹਣ ਦਾ ਏਹ ਵੱਡਾ ਠਿੱਗਰ ਉਪਾਉ ਹੈ ਜੋ ਤਖਤਾਂ ਸਾਹਿਬਾਂ ਦਾ ਕੁੰਡਾ ਪੰਥ ਦੇ ਸਿਰ ਪਰ ਹੈ ॥

(੬) ਇਨ੍ਹਾਂ ਤਖਤਾਂ ਸਾਹਿਬਾਂ ਦਾ ਜਿਤਨਾ ਜੋਰ ਜਾਬਤਾ ਪੰਥ ਪਰ ਪੱਕਾ ਹੋਵੇਗਾ ਇਤਨਾ ਹੀ ਪੰਥ ਆਪਣੇ ਪੈਰਾਂ ਪਰ ਪੱਕਾ ਰਹੇਗਾ। ਅਤੇ ਵਿਰੁੱਧ ਇਸ ਦੇ ਜਿਤਨਾ ਜੋਰ ਜਾਬਤਾ ਕੱਚਾ ਹੋਵੇਗਾ ਇਤਨਾ ਹੀ ਪੰਥ ਦੀਆਂ ਜੜ੍ਹਾਂ ਖੋਖਲੀਆਂ ਹੋਨਗੀਆਂ ॥

(੭) ਪੰਥ ਦੀ ਮ੍ਰਿਜਾਦਾ ਦੇ ਚਲਾਉਣੇ ਅਤੇ ਕਾਇਮ ਰਖਣੇ ਵਾਲੇ ਮੰਡਲੀਕ (ਸਥਾਨੀ) ਵੱਡੇ ਛੋਟੇ ਪ੍ਰਤਾਪੀ ਤੇਜਸ੍ਵੀ ਗੁਰ ਗੱਦੀਆਂ ਦੇ ਗੱਦੀ ਨਸ਼ੀਨ ਸਣੇ ਆਪਣੇ ਮਾਤਹਤੀ ਸੰਗਤਾਂ ਦੇ ਸਭ ਤਖਤਾਂ ਸਾਹਿਬਾਂ ਦੀ ਤਾਬਿਆ ਹਨ। ਤਥਾ ਮਹੰਤ ਸੰਤ ਸਿਖ ਸਾਧ ਬਿਹੰਗਮ ਨਿਹੰਗ ਸਿੰਘ ਸੋਢੀ ਭੱਲੇ ਤੇਹਣ ਬੇਦੀ ਸਾਹਿਬਜ਼ਾਦੇ ਸਭ ਤਖਤਾਂ ਸਾਹਿਬਾਂ ਦੇ ਅਧੀਨ ਹਨ। ਤਥਾ ਮਹਾਰਾਜੇ ਰਾਜੇ ਭੂਪਤਿ ਰਈਸ ਸਰਦਾਰ ਜਾਗੀਰਦਾਰ ਅਹਲਕਾਰ ਬੇਪਾਰੀ ਕਿਰਤੀ ਗਾਹਿਕ ਸਣੇ ਸਿਖ ਸੈਨਾਂ ਅਤੇ ਪਰਜਾ ਤਥਾ ਪਰਵਾਰਾਂ ਦੇ ਸਭ ਪੰਥ ਪ੍ਰਵਿਰਤੀ ਦੇ ਕਾਰਜਾਂ ਵਿਚ ਤਖਤਾਂ ਸਾਹਿਬਾਂ ਦੇ ਹੁਕਮ ਹੇਠ ਹਨ। ਇਨ੍ਹਾਂ ਵਿਚੋਂ ਜੋ ਕੋਈ ਤਖਤ ਸਾਹਿਬਾਂ ਦੇ ਹਜ਼ੂਰ ਜਦ ਹਾਜ਼ਰ ਹੋਨਗੇ ਤਦ ਹੱਥ ਜੋੜ ਕਰ ਪ੍ਰਸਾਦ ਭੇਟਾ ਰੱਖ ਅਰਦਾਸ ਕਰਾਉਣਗੇ। ਕੋਈ ਕਿਸੀ ਪਰਕਾਰ ਦੀ ਪ੍ਰਮਾਰਥੀ ਅਥਵਾ ਬਿਵਹਾਰਕ ਲੋਕਕ ਵਡਿਆਈ ਦਾ ਅਹੰਕਾਰ ਅਭਿਮਾਨ ਦਾ ਜੋਰ ਤਖਤਾਂ ਸਾਹਿਬਾਂ ਅੱਗੇ ਕਿਸੀ ਦਾ ਪੇਸ਼ ਨਹੀਂ ਜਾ ਸਕਦਾ। ਸਭ ਉਚ ਨੀਚ ਨੂੰ ਤਖਤਾਂ ਸਾਹਿਬਾਂ ਦੇ ਅੱਗੇ ਨੱਕ ਮੱਥਾ ਰਗੜਨਾ ਹੀ ਪਰਵਾਨ ਹੈ ਅਤੇ ਜੋ ਕੁਛ ਹੁਕਮ ਧਰਮ ਸੰਬੰਧੀ ਤਖਤਾਂ ਸਾਹਿਬਾ ਦੇ ਹਜ਼ੂਰੋਂ ਹੋਵੇਗਾ ਸਤਿਕਰ ਮੰਨਣਾ ਜ਼ਰੂਰੀ ਹੈ। ਏਹ ਜੋਰ ਜਾਬਤਾ ਸਾਧਾਰਨ ਰੀਤੀ (ਆਮ) ਕਰਕੇ ਸਾਰੇ ਪੰਥ ਪਰ ਹੈ ਪਰ ਵਿਸ਼ੇਸ਼ (ਖਾਸ) ਕਰਕੇ ਖੰਡੇ ਦੇ ਅੰਮ੍ਰਿਤੀਆਂ ਕੇਸਾਧਾਰੀ ਸਿੰਘਾਂ ਪਰ ਪੂਰਾ ਅਤੇ ਪੱਕਾ ਹੈ ਜੋ ਤਖਤਾਂ ਸਾਹਿਬਾਂ ਦੀ ਆਈਨ ਵਿਚ ਪੱਕੇ ਬੱਝੇ ਹੋਏ ਹਨ। ਕਿਉਂ ਜਿ ਤਖਤਾਂ ਸਾਹਿਬਾਂ ਪੁਰ ਰਹਿਤ ਮ੍ਰਿਜਾਦਾ ਦੀ ਪੁਛ ਗਿੱਛ ਇਨ੍ਹਾਂ ਨੂੰ ਹੀ ਹੁੰਦੀ ਹੈ ਚਰਨ ਪਾਹੁਲੀਆਂ ਸਹਜਧਾਰੀਆਂ ਨੂੰ ਨਹੀਂ ਹੈ ॥

(੮) ਦਸ ਪਾਤਸ਼ਾਹੀ ਸ੍ਰੀ ਗੁਰੂ ਸਾਹਿਬਾਂ ਜੀ ਦੇ ਹੁਕਮਾਂ ਅਤੇ ਅਖਤਿਆਰਾਂ ਤੁੱਲ ਚੱਕ੍ਰਵਰਤੀ ਹੁਕਮ ਅਤੇ ਅਖਤਯਾਰ ਸਾਰੇ ਪੰਥ ਪਰ ਤਖਤਾਂ ਸਾਹਿਬਾਂ ਦਾ ਹੈ। ਪੰਥ ਵਿਚੋਂ ਕਿਸੀ ਦਾ ਮਕਦੂਰ ਨਹੀਂ ਜੋ ਤਖਤਾਂ ਸਾਹਿਬਾਂ ਦਾ ਹੁਕਮ ਫੇਰੇ ॥

(੯) ਏਹ ਸ਼ੰਕਾ ਕਰਨਾ ਬਿਅਰਥ ਹੈ ਕਿ ਤਖਤਾਂ ਸਾਹਿਬਾਂ ਦਾ ਜੋ ਇਤਨਾ ਜ਼ੋਰ ਜਾਬਤਾ ਹੈ ਅਤੇ ਹੁਕਮ ਦਾ ਬਲ ਹੈ ਤਖਤਾਂ ਸਾਹਿਬਾਂ ਪਰ ਹੁਕਮ ਕਰਨ ਵਾਲਾ ਕਉਣ ਹੈ ਜਿਸ ਦਾ ਹੁਕਮ ਸਾਰੇ ਪੰਥ ਪਰ ਮੰਨਣੇ ਜੋਗ ਹੈ। ਸੋ ਜੈਸੇ ਦੁਨਯਾਵੀ ਪਾਤਸ਼ਾਹਾਂ ਦੇ ਤਖਤ ਤਥਾ ਅਦਾਲਤੀ ਤੇ ਇਨਤਜ਼ਾਮੀ ਕਚੈਹਰੀਆਂ ਦੀਆਂ ਕੁਰਸੀਆਂ ਪਰ ਕੋਈ ਹਾਕਮ ਹੋਨ ਉਨ੍ਹਾਂ ਦਾ ਹੁਕਮ ਪਾਤਸ਼ਾਹਾਂ ਦਾ ਹੁਕਮ ਕਰਕੇ ਮੰਨਿਆ ਜਾਂਦਾ ਹੈ। ਐਸੇ ਹੀ ਤਖਤਾਂ ਸਾਹਿਬਾਂ ਦੇ ਅਧਿਕਾਰੀ ਜੋ ਉਸ ਸਮੇਂ ਤਖਤ ਪਰ ਹੋਨ ਉਨ੍ਹਾਂ ਦਾ ਹੁਕਮ ਗੁਰੂ ਸਾਹਿਬਾਂ ਦਾ ਹੁਕਮ ਕਰਕੇ ਮੰਨਿਆ ਜਾਂਦਾ ਹੈ॥

(੧੦) ਐਸੇ ਹਕੂਮਤ ਵਾਲੇ ਮੰਨੇ ਪ੍ਰਵੰਨੇ ਹੋਏ ਪੰਥ ਵਿਚ ਚਾਰ ਤਖਤ ਹਨ, ਜਿਨ੍ਹਾਂ ਦੀ ਤਾਬਿਆਦਾਰੀ ਦਸ ਪਾਤਸ਼ਾਹੀ ਸ੍ਰੀ ਗੁਰੂ ਜੀ ਦੀ ਤਾਬਿਆਦਾਰੀ ਹੈ॥

(ੳ) ਇਕ ਅਕਾਲ ਤਖਤ ਹੈ ਜੋ ਤਖਤਾਂ ਵਿਚੋਂ ਆਦਿ ਤਖਤ ਹੈ॥ ਏਹ ਸ੍ਰੀ ਅੰਮ੍ਰਿਤਸਰ ਜੀ ਗੁਰੂਆਂ ਦੀ ਪਾਤਸ਼ਾਹਿਤ ਦੀ ਧਰਮ ਦੀ ਰਾਜਧਾਨੀ ਵਿਚ ਹੈ॥

(ਅ) ਦੂਜਾ ਤਖਤ ਪਟਣਾ ਸਾਹਿਬ ਜੀ ਜੋ ਸ੍ਰੀ ਗੁਰੂ ਪਾਤਸ਼ਾਹ ਜੀ ਦੀ ਧਰਮ ਦੀ ਰਾਜਧਾਨੀ ਪਟਣਾ ਨਗਰ ਵਿਖੇ ਹੈ। ਤਖਤ ਸਾਹਿਬ ਦੇ ਕਾਇਮ ਹੋਨੇ ਕਰ ਏਹ ਰਾਜਧਾਨੀ ਹੈ॥

(ੲ) ਤੀਜਾ ਆਨੰਦ ਪੁਰ ਜੀ ਜੋ ਸ੍ਰੀ ਗੁਰੂ ਪਾਤਸ਼ਾਹ ਜੀ ਦੀ ਧਰਮ ਦੀ ਰਾਜਧਾਨੀ ਵਿਚ ਤਖਤ ਕੇਸਗੜ੍ਹ ਸਾਹਿਬ ਹੈ।

(ਸ) ਚੌਥਾ ਦਖਣ ਦੇਸ ਸ੍ਰੀ ਗੁਰੂ ਪਾਤਸ਼ਾਹ ਜੀ ਦੀ ਧਰਮ ਦੀ ਰਾਜਧਾਨੀ ਅਬਚਲਾ ਨਗਰ ਵਿਚ ਸੱਚ ਖੰਡ ਸ੍ਰੀ ਹਜ਼ੂਰ ਸਾਹਿਬ ਦਾ ਤਖਤ ਹੈ॥

(ਹ) ਇਨ੍ਹਾਂ ਚਹੁੰ ਤਖਤਾਂ ਦੇ ਨਾਲ ਪੰਜਵਾਂ ਤਖਤ ਦਮਦਮਾ ਸਾਹਿਬ ਭੀ ਮੰਨਿਆ ਪ੍ਰਵੰਨਿਆ ਹੋਇਆ ਹੈ ਜੋ ਮਾਲਵੇ ਦੇਸ ਵਿਚ ਸ੍ਰੀ ਗੁਰੂ ਜੀ ਦੀ ਧਰਮ ਦੀ ਰਾਜਧਾਨੀ ਗੁਰੂ ਕੀ ਕਾਂਸ਼ੀ ਵਿਖੇ ਹੈ॥

(੧੧) ਕਿਸੀ ਸਮੇਂ ਕੋਈ ਕਿਸੀ ਤਖਤ ਸਾਹਿਬ ਜੀ ਦਾ ਹੁਕਮ ਕਿਸੀ ਨੂੰ ਅਯੋਗ ਪ੍ਰਤੀਤ ਹੋਵੇ ਤਦ ਭੀ ਉਸ ਦੇ ਮੰਨਣ ਤੋਂ ਉਜਰ ਨਹੀਂ ਹੋ ਸਕਦਾ, ਜੈਸੇ ਕਿਸੀ ਹਾਕਮ ਦੇ ਅਯੋਗ ਪਰਤੀਤ ਹੋਇ ਹੁਕਮ ਦੇ ਮੰਨਣ ਪਰ ਉਜਰ ਨਹੀਂ ਹੋਇਆ ਕਰਦਾ॥

## (੫) ਤਖਤਾਂ ਸਾਹਿਬਾਂ ਪਰ ਰੀਤੀ ਮ੍ਰਿਜਾਦਾ ਦਾ ਬੰਧਾਨ

(੧੨) ਤਖਤਾਂ ਸਾਹਿਬਾਂ ਪਰ ਨਿਤਨੇਮ ਆਦਿਕ ਦੇ ਬਿਵਹਾਰ ਦੀਆਂ ਜੋ ਕੁਛ ਰੀਤੀ ਮ੍ਰਿਜਾਦਾਂ ਪ੍ਰਚਲਤ ਹਨ ਏਹ ਸਭ ਪੰਥ ਦੇ ਮੁਖੀਏ ਧਾਰਮਕ ਪੁਰਸ਼ਾਂ ਦੀਆਂ ਮਿਲਕਰ ਕਾਇਮ ਕੀਤੀਆਂ ਹੋਈਆਂ ਹਨ। ਤਖਤਾਂ ਸਾਹਿਬਾਂ ਦੇ ਹਰ ਸਮੇ ਦੇ ਵਰਤਮਾਨ ਅਧਿਕਾਰੀਆਂ ਨੂੰ ਕੋਈ ਅਖਤਿਆਰ ਨਹੀਂ ਕਿ ਆਪਣੇ ਆਪ ਕਿਸੀ ਰੀਤੀ ਮ੍ਰਿਜਾਦਾ ਨੂੰ ਉਲੱਟ ਪਲੱਟ ਕਰ ਸਕਨ ਅਤੇ ਐਸਾ ਭੀ ਨਹੀਂ ਕਿ ਕੋਈ ਮਾਯਾ ਤਥਾ ਹਾਕਮੀ ਦਾ ਜ਼ੋਰ ਪਾਕੇ ਪੁਰਾਤਨ ਸਹੀ ਅਤੇ ਸੱਚੀ ਰੀਤੀ ਦੀ ਮ੍ਰਿਜਾਦਾ ਬਿਗਾੜ ਸਕੇ।

(੧੩) ਜੇਕਰ ਅਰਸਾ ਗੁਜ਼ਰੇ ਪਰ ਕੋਈ ਰੀਤੀ ਮੱਧਮ ਪੈ ਗਈ ਹੋਵੇ ਅਥਵਾ ਅਸਲ ਮ੍ਰਿਜਾਦਾ ਵਿਚ ਤਰੁਟੀ ਪੈ ਗਈ ਹੋਵੇ ਤਾਂ ਗੁਣੀਆਂ ਗਿਆਨੀਆਂ ਗੁਰਮਤ ਦੇ ਜਾਨਣ ਵਾਲਿਆਂ ਵਿਦਵਾਨਾਂ ਦੀ ਸੰਮਤੀ ਨਾਲ ਮਿਲਕੇ ਉਸਦਾ ਸੁਧਾਰ ਕਰਨਾ ਹੈ।

(੧੪) ਹਾਂ ਜੇਕਰ ਇਹ ਸਿੱਧ ਹੋਵੇ ਕਿ ਕਿਸੀ ਗੁਜ਼ਰੇ ਅਧਿਕਾਰੀ ਨੇ ਕੋਈ ਰੀਤੀ ਐਸੀ ਬਿਗਾੜ ਦਿਤੀ ਹੈ ਜਿਸ ਨੂੰ ਧਰਮ ਪੰਥ ਦੀ ਮ੍ਰਿਜਾਦਾ ਦੇ ਜਾਨਣ ਵਾਲੇ ਪਸੰਦ ਨਹੀਂ ਕਰਦੇ ਤਦ ਸਮੇਂ ਦੇ ਵਰਤਮਾਨ ਅਧਿਕਾਰੀਆਂ ਨੂੰ ਆਪਣੀ ਜ਼ਿੰਮੇਵਾਰੀ ਪਰ ਉਸਦਾ ਸੁਧਾਰ ਕਰ ਲੈਣਾ ਉਚਿਤ ਹੈ ਪਰ ਅਜੇਹਾ ਸੁਧਾਰ ਪ੍ਰਵਾਨ ਨਹੀਂ ਹੋਵੇਗਾ ਜਿਸ ਪਰ ਹੋਰ ਤਖਤਾਂ ਨੂੰ ਸ਼ੰਕਾ ਹੋਵੇ।

(੧੫) ਜੋ ਰੀਤੀ ਮ੍ਰਿਜਾਦਾ ਪੰਥ ਦੀ ਪੰਥ ਵਿਚ ਪ੍ਰਚਲਤ ਹੋਵੇ ਉਸ ਦੀ ਰਖਵਾਲੀ ਕਰਨੀ ਤਖਤਾਂ ਸਾਹਿਬਾਂ ਦੇ ਅਧਿਕਾਰੀਆਂ ਦਾ ਕੰਮ ਹੈ।

(੧੬) ਜਿਸ ਰੀਤੀ ਮ੍ਰਿਜਾਦਾ ਦਾ ਕਿਸੀ ਸਮੇਂ ਪੰਥ ਦੇ ਵਿਚ ਬਦਲਨਾ ਸਦਲਨਾ ਹੋਵੇ ਤਾਂ ਤਖਤਾਂ ਸਾਹਿਬਾਂ ਦੇ ਅਧੀਨ ਰਹਨ ਵਾਲਿਆਂ ਵਿਚੋਂ ਧਰਮ ਪੰਥ ਦੀ ਮਿਜਾਦਾ ਦੇ ਜਾਣੂਆ ਗੁਣੀਆਂ ਗਿਆਨੀਆਂ ਵਿਦਵਾਨਾਂ ਨੇ ਮਿਲਕੇ ਭਲੀ ਪ੍ਰਕਾਰ ਸੋਧ ਕਰ ਕਰਨਾ ਹੈ ਜਿਸਦੇ ਅਖੀਰੀ ਫੈਸਲੇ ਪਰ ਤਖਤਾਂ ਸਾਹਿਬਾਂ ਦੀ ਮਨਜ਼ੂਰੀ ਹੋਣੀ ਚਾਹੀਦੀ ਹੈ।

(੧੭) ਤਖਤਾਂ ਸਾਹਿਬਾਂ ਦੇ ਅਧਿਕਾਰੀਆਂ ਨੂੰ ਮੋਮ ਦਾ ਨੱਕ ਨਾ ਸਮਝਿਆ ਜਾਇ ਕਿ ਜਿਧਰ ਕਿਸੀ ਨੇ ਚਾਹਿਆ ਉਧਰ ਹੀ ਫੇਰ ਲਏਗਾ। ਮਿਲ ਕਰ ਪੰਥ ਦੀ ਬੱਧੀ ਹੋਈ ਮ੍ਰਿਜਾਦਾ ਨੂੰ ਕਾਇਮ ਰਖਣਾ ਤੇ ਉਸਦੇ ਲੀਹੇ ਪਰ ਚਲਣਾ ਤਖਤਾਂ ਸਾਹਿਬਾਂ ਦਾ ਮੁਖ ਕੰਮ ਹੈ।

(੧੮) ਜੋ ਕੋਈ ਮੰਨੀ ਪ੍ਰਮੰਨੀ ਹੋਈ ਪੰਥ ਦੀ ਰੀਤੀ ਮ੍ਰਿਜਾਦਾ ਨੂੰ ਭੰਗ ਕਰੇ ਉਸਦਾ ਤ੍ਰਿਸਕਾਰ ਕਰਨਾ ਉਸਨੂੰ ਤਾੜਨਾ ਕਰਨੀ ਤਨਖਾਹ ਲਗਾਣੀ (ਦੰਡ ਦੇਣਾ) ਆਦਿਕ ਤਖਤਾਂ ਸਾਹਿਬਾਂ ਦੇ ਅਧਿਕਾਰੀਆਂ ਨੇ ਯਥਾ ਯੋਗ ਵਿਚਾਰਕੇ ਕਰਨਾ ਹੈ।

(੧੯) ਕਿਸੀ ਤਖਤ ਸਾਹਿਬ ਤੋਂ ਕੋਈ ਹੁਕਮ ਜਿਸਦੇ ਵਿਰੁੱਧ ਹੋਇਆ ਹੋਵੇ ਅਰ ਉਸ ਹੁਕਮ ਨੂੰ ਧਰਮ ਪੰਥ ਦੀ ਰੀਤੀ ਮ੍ਰਿਜਾਦਾ ਦੇ ਉਲਟ ਸਮਝੇ ਤਾਂ ਓਹ ਉਸ ਤਖਤ ਸਾਹਿਬ ਜੀ ਦੀ ਨਾਰਾਜ਼ਗੀ ਦੀ ਨਜ਼ਰ ਸਾਨੀ ਅਥਵਾ ਅਪੀਲ ਧਰਮ ਪੰਥ ਦੇ ਅਸੂਲਾਂ ਦੇ ਜਾਨਣ ਵਾਲਿਆਂ ਗੁਣੀਆਂ ਗਿਆਨੀਆਂ ਵਿਦਵਾਨਾਂ ਦੀਆਂ ਅਤ੍ਰ ਸਾਖੀਆਂ ਦੇ ਨਾਲ ਉਸੀ ਤਖਤ ਸਾਹਿਬ ਪਰ ਅਥਵਾਂ ਹੋਰਨਾਂ ਸਭਨਾਂ ਤਖਤਾਂ ਸਾਹਿਬਾਂ ਪਰ ਪੇਸ਼ ਹੋਵੇ। ਅਤੇ ਤਖਤਾਂ ਸਾਹਿਬਾਂ ਦੀ ਕਸਰਤ ਰਾਇ ਪਰ ਫੈਸਲਾ ਹੋ ਸਕਦਾ ਹੈ।

(੨੦) ਜੇਕਰ ਇਸ ਕਸਰਤ ਰਾਇ ਪਰ ਉਸ ਹੁਕਮ ਨੂੰ ਵਾਪਸ ਕਰਨਾ ਤਜਵੀਜ਼ ਹੋਵੇ ਅਥਵਾ ਸੋਧ ਕਰਨ ਦਾ ਗੁਰਮਤਾ ਹੋਵੇ ਤਾਂ ਜਿਸ ਤਖਤ ਸਾਹਿਬ ਜੀ ਦੇ ਹੁਕਮ ਦੀ ਨਾਰਾਜ਼ਗੀ ਵਿਚ ਅਪੀਲ ਹੋਈ ਸੀ ਉਸ ਤਖਤ ਸਾਹਿਬ ਪਰ ਅਧਿਕਾਰੀਆਂ ਨੂੰ ਸਤਿ ਕਰ ਮੰਨਣਾ ਯੋਗ ਹੈ।

(੨੧) ਸਭਨਾਂ ਤਖਤਾਂ ਸਾਹਿਬਾਂ ਨੂੰ ਆਪਸ ਵਿਚ ਮਿਲ ਕਰ ਸਮ-ਮਤ ਰਹਿਣਾ ਹੈ। ਸੁਖ ਦੁਖ ਰੀਤੀ ਮ੍ਰਿਜਾਦਾ ਦੀ ਦ੍ਰਿੜਤਾ ਅਤੇ ਰਖਵਾਲੀ ਪਰ ਇਕ ਤਖਤ ਸਾਹਿਬ ਦਾ ਫ਼ੈਸਲਾ ਹੋਰਨਾਂ ਸਭਨਾਂ ਤਖਤਾਂ ਸਾਹਿਬਾਂ ਪਰ ਪ੍ਰਵਾਨ ਹੈ। ਐਸਾ ਨਹੀਂ ਹੋ ਸਕਦਾ ਕਿ ਇਕ ਤਖਤ ਸਾਹਿਬ ਦੇ ਫ਼ੈਸਲੇ ਦੇ ਵਿਰੁੱਧ ਕਿਸੀ ਦੂਜੇ ਤਖਤ ਸਾਹਿਬ ਪਰ ਹੋਰ ਹੀ ਫ਼ੈਸਲਾ ਹੋ ਜਾਏ।

(੨੨) ਤਖਤਾਂ ਸਾਹਿਬਾਂ ਪਰ ਕੇਵਲ ਐਸੇ ਲੋਕਾਂ ਦੀਆਂ ਪੇਸ਼ ਕੀਤੀਆਂ ਹੋਈਆਂ ਤਜਵੀਜਾਂ ਪਰ ਗੁਰਮਤਾ ਸੋਧਿਆ ਜਾਂਦਾ ਹੈ ਤਥਾ ਐਸੇ ਧਰਮ ਪੰਥ ਦੇ ਜਾਣੂਆਂ ਗੁਣੀਆਂ ਗਿਆਨੀਆਂ ਵਿਦਵਾਨਾਂ ਦੀ ਸੰਮਤੀ ਲੈਣੀ ਪ੍ਰਵਾਨ ਹੈ ਜੋ ਤਨ ਮਨ ਧਨ ਕਰਕੇ ਤਖਤਾਂ ਸਾਹਿਬਾਂ ਦੀ ਤਾਬਿਆਦਾਰੀ ਵਿਚ ਹੋਕਰ ਪ੍ਰੇਮ ਰਖਦੇ ਹੋਨ।

(੨੩) ਤਖਤਾਂ ਸਾਹਿਬਾਂ ਦੇ ਅਧਿਕਾਰ ਰਹਣੀ ਕਹਣੀ ਕਰਨੀ ਵਾਲੇ ਹਠੀ ਜਪੀ ਤਪੀ ਸਤੀ ਸ੍ਰੇਸ਼ਟਾਚਾਰੀ ਤੇ ਨਜਾਇਕਾਰੀ ਮ੍ਰਿਜਾਦਾ ਪੁਰਸ਼ੋਤਮ ਯੋਗ ਪੁਰਸ਼ਾਂ ਦੇ ਹਿੱਸੇ ਹੈ। ਜੇਕਰ ਕੋਈ ਅਧਿਕਾਰੀ ਆਪਣੀ ਯੋਗਤਾ ਦੇ ਵਿਚ ਕਾਇਮ ਨਾ ਰਹੇ ਤਦ ਉਸਨੂੰ ਤਖਤ ਸਾਹਿਬ ਦੀ ਅਧਿਕਾਰਤਾ ਦੀ ਪਦਵੀ ਤੋਂ ਗਿਰਾਇਆ ਜਾਏ ਅਤੇ ਉਸਦੀ ਥਾਂ ਕਿਸੀ ਹੋਰ ਯੋਗ ਪੁਰਸ਼ ਨੂੰ ਉਸ ਤਖਤ ਸਾਹਿਬ ਪਰ ਉਸਦਾ ਅਧਿਕਾਰ ਸੌਂਪ ਕਰ ਹੋਰਨਾਂ ਤਖਤਾਂ ਸਾਹਿਬਾਂ ਦੀ ਉਸ ਲਈ ਮਨਜ਼ੂਰੀ ਚਾਹੀ ਜਾਏ ਅਤੇ ਤਖਤਾਂ ਸਾਹਿਬਾਂ ਦੀ ਕਸਰਤ ਰਾਇ ਪਰ ਮਨਜ਼ੂਰ ਹੋਣੇ ਕਰ ਪੱਕਾ ਸਮਝਿਆ ਜਾਏ।

(੨੪) ਪਰ ਜੇਕਰ ਤਖਤ ਸਾਹਿਬ ਜੀ ਦੀ ਆਮਦਨੀ ਦੀ ਮਾਇਆ ਦੇ ਸੰਬੰਧ ਕਰਕੇ ਉਸ ਅਯੋਗ ਪੁਰਸ਼ ਦੀ ਤਤਕਾਲ ਜੁਦਾਇਗੀ ਨਾ ਬਣ ਸਕੇ ਤਖਤ ਸਾਹਿਬ ਜੀ ਦੀ ਕਾਰਰਵਾਈ ਅਤੇ ਗੁਰਮਤੇ ਵਿਚ ਉਸਦਾ ਦਖਲ ਨਾ ਰੱਖ ਕੇ ਇਸ ਕਾਰਯ ਲਈ ਕੋਈ ਹੋਰ ਯੋਗ ਪੁਰਸ਼ ਨਿਯਤ ਕੀਤਾ ਜਾਏ।

(੨੫) ਐਸੇ ਨਵੀਨ ਯੋਗ ਅਧਿਕਾਰੀ ਦੇ ਗੁਜ਼ਾਰੇ ਦੇ ਪ੍ਰਬੰਧ ਦੀ ਲੋੜ ਹੋਵੇ ਤਾਂ ਤਖਤ ਸਾਹਿਬ ਵਲੋਂ ਅਥਵਾ ਪੰਥ ਵਲੋਂ ਹੋਵੇ।

(੨੬) ਸਭਨਾਂ ਤੋਂ ਚੰਗੀ ਗੱਲ ਏਹ ਹੈ ਕਿ ਤਖਤ ਸਾਹਿਬ ਵਲੋਂ ਸਭਨਾਂ ਤਖਤਾਂ ਸਾਹਿਬਾਂ ਦੇ ਤਾਬਿਆ ਚੰਗੇ ਚੰਗੇ ਗੁਰਮਤ ਦੇ ਜਾਣੂ ਵਿਦਵਾਨ ਨਿਯਾਇਸ਼ੀਲ ਰਹਣੀ ਕਹਣੀ ਅਤੇ ਕਰਨੀ ਵਾਲਿਆਂ ਸਿੰਘਾਂ ਦੀ ਇਕ ਇਕ ਕਮੇਟੀ ਕਾਇਮ ਰਹੇ। ਜਦ ਕਦੀ ਕੋਈ ਗੁਰਮਤਾ ਸੋਧਨਾ ਹੋਵੇ ਤਾਂ ਉਨਾਂ ਦੀ ਸੰਮਤੀ ਨਾਲ ਸੋਧਿਆ ਜਾਏ।

(੨੭) ਇਨ੍ਹਾਂ ਗੁਰਮਤਿਆਂ ਵਿਚ ਕੋਈ ਪੱਖ ਬਾਦ ਈਰਖਾ ਦ੍ਵੇਖ ਤਥਾ ਅਵਿਚਾਰਤਾ ਦਾ ਅਸਰ ਨਾ ਹੋਵੇ। ਇਕ ਇਨਸਾਫ਼ ਹੁੰਦਾ ਹੈ ਅਤੇ ਦੂਜਾ ਇੰਤਜ਼ਾਮ ਹੁੰਦਾ ਹੈ। ਇੰਤਜ਼ਾਮ ਦਾ ਕਾਇਮ ਰਖਣਾ ਬਹੁਤ ਜ਼ਰੂਰੀ ਹੁੰਦਾ ਹੈ। ਐਸੇ ਇਨਸਾਫ਼ ਹੋਣ ਜਿਸ ਕਰਕੇ ਪੰਥ ਦੀ ਉਤਮ ਅਤੇ ਸ੍ਰੇਸ਼ਟ ਮ੍ਰਿਜਾਦਾ ਭ੍ਰਸ਼ਟ ਨਾ ਹੋਣੀ ਪਾਵੇ। ਕਿਉਂਜੋ ਮ੍ਰਿਜਾਦਾ ਦੇ ਕਾਇਮ ਰਹਣੇ ਕਰ ਹੀ ਪੰਥ ਕਾਇਮ ਰਹ ਸਕਦਾ ਹੈ। ਸਿਧਾਂਤ ਏਹ ਕਿ ਇਨਸਾਫ਼ ਭੀ ਉਸੀ ਦਾ ਨਾਉਂ ਹੈ ਜੋ ਪੰਥ ਦੀ ਮ੍ਰਿਜਾਦਾ ਦੇ ਅਨਕੂਲ ਹੋਵੇ। ਮ੍ਰਿਜਾਦਾ ਹੀ ਕਾਨੂਨ ਹੈ ਅਤੇ ਕਾਨੂਨੀ ਫ਼ੈਸਲੇ ਨੂੰ ਹੀ ਇਨਸਾਫ਼ ਕਹੀਦਾ ਹੈ। ਹਰ ਇਕ ਨੂੰ ਫ਼ੈਸਲੇ ਲਈ ਸੰਮਤੀ ਦੇਨ ਸਮੇਂ ਏਹ ਖਿਆਲ ਰਖਣਾ ਚਾਹੀਏ ਕਿ ਐਸੀ ਕੱਚੀ ਸੰਮਤੀ ਨਾ ਦਿੱਤੀ ਜਾਏ ਜੋ ਗੁਣੀਆਂ ਗਿਆਨੀਆਂ ਵਿਦਵਾਨਾਂ ਦੇ ਵਿਚਾਰ ਵਿਚ ਪੂਰੀ ਨਾ ਉਤ੍ਰ ਸਕੇ।

(੨੮) ਗੁਰੂ ਕੇ ਸਿਖਾਂ ਖੰਡੇ ਪਾਹੁਲ ਧਾਰੀਆਂ ਨੂੰ ਵਿਸ਼ੇਸ਼ ਕਰ ਆਪਣੀ ਵਾਸੀ ਉਨ੍ਹਾਂ ਪੁਰੀਆਂ ਦੀ ਸਮਝਣੀ ਚਾਹੀਦੀ ਹੈ ਜਿਨ੍ਹਾਂ ਵਿਚ ਤਖਤ ਸਾਹਿਬ ਹਨ। ਜਦ ਉਸ ਪੁਰੀ ਵਿਚ ਪ੍ਰਵੇਸ਼ ਹੋਵੇ ਤਾਂ ਜਾਣਨਾ ਕਿ ਅਸੀਂ ਬਾਹਰੋਂ ਹੁਣ ਆਪਣੇ ਨਗਰ ਵਿਚ ਆ ਗਏ ਹਾਂ। ਸੋ ਉਸ ਨਗਰੀ ਪੁਰੀ ਵਿਚ ਪ੍ਰਵੇਸ਼ ਕਰਦਿਆਂ ਹੀ ਖਾਨ ਪਾਨ ਆਦਿਕਾਂ ਤੋਂ ਪ੍ਰਿਥਮ ਤਖਤ ਸਾਹਿਬ ਦੇ ਹਜ਼ੂਰ ਹਾਜਰ ਹੋ ਕਰ ਸੋਧ ਦਾ ਅਰਦਾਸਾ ਸੁਧਾਉਣ ਵਿਚ ਏਹ ਤਾਤਪਰਯ ਹੈ ਕਿ ਜਿੰਨਾਂ ਚਿਰ ਬਾਹਿਰ ਰਹਿਆ ਹੈ ਉੱਨੇ ਚਿਰ ਵਿਚ ਜੋ ਕੋਈ ਰਹਿਤ ਬਿਬੇਕ ਢਿੱਲੀ ਹੋ ਗਈ ਹੋਵੇ ਤਾਂ ਉਸ ਦੀ ਸੋਧ ਹੋ ਜਾਂਦੀ ਹੈ। ਅਰਦਾਸਾ ਸੋਧ ਦਾ ਸੁਧਾਇ ਕਰ ਮਗਰੋਂ ਖਾਨ ਪਾਨ ਆਦਿਕ ਦਾ ਅਥਵਾ ਹੋਰ ਬਿਵਹਾਰ ਕਰੇ॥

ਯਥਾ ਸ੍ਰੀ ਅੰਮ੍ਰਿਤਸਰ ਜੀ ਦੀ ਹਾਜਰੀ ਦਾ ਨਿਯਮ ਏਹ ਹੈ—ਭਾਵੇਂ ਕਿਸੀ ਥਾਂ ਦਾ ਨਿਵਾਸੀ ਹੋਵੇ ਜਦ ਸ੍ਰੀ ਅੰਮ੍ਰਿਤਸਰ ਜੀ ਦੀ ਪੁਰੀ ਵਿਖੇ ਪ੍ਰਵੇਸ਼ ਕਰੇ ਤਦ ਜਾਣੇ ਕਿ ਮੈਂ ਹੁਣ ਆਪਨੀ ਅਸਲੀ ਨਗਰੀ ਵਿਚ ਆ ਗਿਆ ਹਾਂ। ਇਸ਼ਨਾਨ ਦਾ ਸਮਾ ਹੋਵੇ ਤਾਂ ਬਿਧਿ ਪੂਰਬਕ ਇਸ਼ਨਾਨ ਕਰੇ। ਫਿਰ ਸ੍ਰੀ ਅਕਾਲ ਤਖਤ ਸਾਹਿਬ ਅਗੇ ਹਾਜਰ ਹੋ ਕਰ ਅਰਦਾਸਾ ਸੁਧਾਇ ਪ੍ਰਸ਼ਾਦ ਭੇਟਾ ਪੂਜਾ ਭੀ ਪ੍ਰਿਥਮੇ ਤਖਤ ਸਾਹਿਬ ਹੋਕਰ ਮਗਰੋਂ ਹੋਰ ਗੁਰਦਵਾਰਿਆਂ ਸਥਾਨਾਂ ਦੀ ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਯਾਤ੍ਰਾ ਕਰੇ। ਅਸਲ ਰੀਤੀ ਏਹ ਹੈ ਕਿ ਜਿਸਦੀ ਤਖਤ ਸਾਹਿਬ ਪਰ ਸੋਧ ਹੋ ਜਾਏ ਓਹ ਅੰਦਰ ਜਾਏ ਤੇ ਜਿਸ ਦੀ ਭੇਟ ਪੂਜਾ ਤੇ ਅਰਦਾਸ ਤਖਤ ਸਾਹਿਬ ਪਰ ਹੋ ਲਏ ਉਸ ਦਾ ਪ੍ਰਸ਼ਾਦ ਤੇ ਭੇਟ ਪੂਜਾ ਅੰਦਰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਰਕਾਰ ਵਿਚ ਹੋਵੇ। ਅਤੇ ਜਦ ਰਾਮਦਾਸ ਪੁਰੇ ਵਿਚੋਂ ਬਾਹਿਰ ਜਾਣਾ ਹੋਵੇ ਤਾਂ ਸਭਨਾਂ ਗੁਰਦੁਵਾਰਿਆਂ ਦੀ ਯਾਤ੍ਰਾ ਦੇ ਮਗਰੋਂ ਅਕਾਲ ਤਖਤ ਪਰ ਅਰਦਾਸਾ ਸੁਧਾਇ ਕਰ ਰੁਖਸਤ ਹੋਵੇ। ਸਿਧਾਂਤ ਏਹ ਕਿ ਤਖਤ ਸਾਹਿਬ ਜੀ ਹੀ ਪਹਲੀ ਹਾਜ਼ਰੀ ਦਾ ਅਤੇ ਅੰਤ ਦੀ ਰੁਖਸਤੀ ਦਾ ਥਾਂ ਹੈ। ਏਹੋ ਰੀਤੀ ਹੋਰਨਾਂ ਸਭਨਾਂ ਤਖਤਾਂ ਸਾਹਿਬਾਂ ਦੀ ਹਾਜਰੀ ਅਤੇ ਰੁਖਸਤਾਨੇ ਦੀ ਸਮਝਣੀ। ਤਖਤਾਂ ਸਾਹਿਬਾਂ ਦੀ ਖੁਸ਼ੀ ਸਭਨਾਂ ਨਾਲੋਂ ਮੋਹਰੇ (ਮੁਕੱਦਸ) ਹੈ॥

(੨੯) ਤਖਤਾਂ ਸਾਹਿਬਾਂ ਪਰ ਅਰਦਾਸ ਕਰਨ ਦਾ ਅਧਿਕਾਰ ਕੇਵਲ ਅਰਦਾਸੀਏ ਨੂੰ ਹੀ ਹੈ। ਜੇ ਅਰਦਾਸੀਆ

ਹਾਜ਼ਰ ਨਾ ਹੋਵੇ ਤਾਂ ਉਸ ਦੀ ਥਾਂ ਜੋ ਕੰਮ ਕਰਨ ਦਾ ਅਧਿਕਾਰ ਰਖਦਾ ਹੈ ਓਹੀ ਕਰ ਸਕਦਾ ਹੈ। ਤੇ ਜੇਕਰ ਕਿਸੀ ਸਿਖ ਦੀ ਅਰਦਾਸ ਨਾ ਹੁੰਦੀ ਹੋਵੇ ਤਾਂ ਓਹ ਆਪਣੇ ਆਪ ਅਰਦਾਸ ਨਹੀਂ ਕਰ ਸਕਦਾ। ਜੇ ਆਪਣੇ ਆਪ ਅਰਦਾਸ ਕਰੇ ਤਾਂ ਉਸ ਮੂਰਖ ਦੀ ਗੁਸਤਾਖੀ ਹੈ ਜੋ ਏਹ ਹੋਰ ਕਸੂਰ ਕਰਦਾ ਹੈ। ਇਸ ਕਸੂਰ ਦੀ ਤਨਖਾਹ ਜੁਦੀ ਲਗੂਗੀ। ਅਰਦਾਸ ਅਰਦਾਸੀਏ ਦੀ ਹੀ ਕੀਤੀ ਹੋਈ ਪ੍ਰਵਾਨ ਹੋਵੇਗੀ ॥

(੩੦) ਜੇਕਰ ਅਰਦਾਸੀਆ ਹੋਰ ਤਖਤ ਸਾਹਿਬ ਜੀ ਦੇ ਅਧਿਕਾਰੀਆਂ ਦੀ ਮਰਜੀ ਦੇ ਅਤੇ ਮ੍ਰਿਜਾਦਾ ਦੇ ਵਿਰੁਧ ਆਪਣੀ ਮਰਜੀ ਦੇ ਨਾਲ ਅਰਦਾਸ ਕਰ ਦੇਵੇ ਤਾਂ ਇਸ ਦਾ ਕਲੰਕ ਅਰਦਾਸ ਕਰਾਉਣ ਵਾਲੇ ਪਰ ਨਹੀਂ ਲਗੇਗਾ ਅਰਦਾਸ ਕਰਨ ਵਾਲਾ ਤਨਖਾਹੀਆ ਕੀਤਾ ਜਾਏਗਾ ॥

(੩੧) ਤਖਤ ਸਾਹਿਬ ਜੀ ਦੀ ਕਿਸੀ ਕਾਰਵਾਈ ਤੋਂ ਨਾਰਾਜ ਹੋਕਰ ਤਖਤਾਂ ਸਾਹਿਬਾਂ ਦੀ ਤਾਬਿਆਦਾਰੀ ਤੋਂ ਬੇਮੁਖ ਹੋਣਾ ਐਸਾ ਹੈ ਜੇਸੇ ਕਿਸੀ ਸਰਕਾਰੀ ਕਾਰਵਾਈ ਤੋਂ ਨਾਰਾਜ ਹੋਕਰ ਸ਼ਹਿਨਸ਼ਾਹ ਦੀ ਤਾਬਿਆਦਾਰੀ ਤੋਂ ਬੇਮੁਖ ਹੋ ਕੇ ਬਾਗੀ ਬਣਨਾ ਹੈ।

(੩੨) ਜੇਕਰ ਕਿਸੀ ਤਖਤ ਸਾਹਿਬ ਪਰ ਕੋਈ ਐਸੀ ਕਾਰਵਾਈ ਹੋਵੇ ਜੋ ਧਰਮ ਪੰਥ ਦੀ ਮ੍ਰਿਜਾਦਾ ਦੇ ਜਾਣੂਆਂ ਸਤਿ ਪੁਰਸ਼ਾਂ ਦੀ ਵਿਚਾਰ ਵਿਚ ਗੁਰਮਤ ਦੇ ਵਿਰੁੱਧ ਮਨਮਤੀ ਸਿਧ ਹੋਵੇ ਤਦ ਉਸ ਨੂੰ ਐਸਾ ਜਾਨਣਾ ਜੇਸੇ ਕੇਸਾਂ ਅਤੇ ਬਸਤ੍ਰਾਂ ਵਿਚ ਜੂਆਂ ਪੈ ਗਈਆਂ ਹੋਨ ਜਿਨ੍ਹਾਂ ਨੂੰ ਦੂਰ ਕਰਨ ਦਾ ਯਤਨ ਜੋ ਪੰਥ ਵਿਚ ਹੋਇਆ ਕਰਦਾ ਹੈ ਐਸੇ ਹੀ ਗੁਰਮਤ ਦੇ ਵਿਰੁੱਧ ਓਨਾਂ ਮਨਮਤਾਂ ਦੇ ਦੂਰ ਕਰਨ ਦਾ ਯਤਨ ਹੋਣਾ ਉਚਿਤ ਹੈ ਨਾਕਿ ਤਖਤਾਂ ਤੋਂ ਬੇਮੁਖ ਹੋਣਾ ਯੋਗ ਹੈ ॥

(੩੩) ਸੋ ਓਹ ਯਤਨ ਇਸ ਰੀਤੀ ਨਾਲ ਕਰਨਾ ਹੈ ਕਿ ਐਸੇ ਗੁਰਮਤ ਦੇ ਜਾਣੂਆਂ ਵਿਦਵਾਨਾਂ ਦੀਆਂ ਅਤ੍ਰ ਸਾਖੀਆਂ ਦੇ ਨਾਲ ਜੋ ਤਖਤਾਂ ਸਾਹਿਬਾਂ ਦੀ ਤਾਬਿਆ ਵਿਚ ਪਰਪੱਕ ਹੋਣ ਤੇ ਤਖਤਾਂ ਸਾਹਿਬਾਂ ਨਾਲ ਪ੍ਰੇਮ ਰਖਦੇ ਹੋਨ ਉਸ ਤਖਤ ਸਾਹਿਬ ਜੀ ਦੇ ਹਜੂਰ ਉਸ ਰੀਤੀ ਦੇ ਸੋਧਨ ਲਈ ਪ੍ਰਾਰਥਨਾ ਪਤ੍ਰ ਦਿਤਾ ਜਾਏ। ਜੇਕਰ ਉਸ ਤਖਤ ਸਾਹਿਬ ਪਰ ਸੁਨਵਾਈ ਨਾ ਹੋਵੇ ਤਾਂ ਹੋਰਨਾਂ ਤਖਤਾਂ ਸਾਹਿਬਾਂ ਪਰ ਅਪੀਲ ਕੀਤੀ ਜਾਏ।

(੩੪) ਸਾਰੇ ਤਖਤ ਸਾਹਿਬ ਆਪਣੀ ਆਪਣੀ ਥਾਂ ਜੁਦੇ ਜੁਦੇ ਸੁਤੰਤ੍ਰ ਨਹੀਂ ਹਨ। ਪ੍ਰਤਿਏਕ ਤਖਤ ਸਾਹਿਬ ਨੂੰ ਬਾਕੀ ਹੋਰ ਤਖਤਾਂ ਸਾਹਿਬਾਂ ਦਾ ਕੁੰਡਾ ਆਪਨੇ ਆਪ ਪਰ ਸਮਝਨਾ ਹੈ। ਜੋ ਬਾਤ ਹੋਰਨਾਂ ਤਖਤਾਂ ਨੂੰ ਮਨਜੂਰ ਨਾ ਹੋਵੇ ਓਹ ਨਹੀਂ ਵਰਤਣੀ ਅਥਵਾ ਵਰਤੀਂਦੀ ਹੋਵੇ ਤਦ ਤਯਾਗ ਦੇਣੀ ਹੋਵੇਗੀ।

(੩੫) ਕਿਸੀ ਤਖਤ ਸਾਹਿਬ ਜੀ ਪਰ ਕਿਸੀ ਮ੍ਰਿਜਾਦਾ ਅਥਵਾ ਵਿਵਹਾਰ ਦਾ ਝਗੜਾ ਪੈ ਜਾਏ ਤਾਂ ਹੋਰਨਾਂ ਤਖਤਾਂ ਸਾਹਿਬਾਂ ਦੀ ਸੰਮਤੀ ਨਾਲ ਉਸ ਦਾ ਫੈਸਲਾ ਹੋਣਾ ਜੋਗ ਹੈ ॥

(੩੬) ਸਭਨਾਂ ਤਖਤਾਂ ਸਾਹਿਬਾਂ ਵੱਲੋਂ ਆਪਸ ਵਿਚ ਪਤ੍ਰ ਬਿਵਹਾਰ (ਖਤੁਕਿਤਾਬਤ) ਜਾਰੀ ਰਹਣੀ ਚਾਹੀਏ ਜਿਨ੍ਹਾਂ ਬਾਤਾਂ ਦਾ ਗੁਰਮਤਾ ਸੋਧਣਾ ਹੋਵੇ ਪਤ੍ਰ ਬਿਵਹਾਰ ਕਰਕੇ ਸੋਧ ਲੈਣਾ ਚਾਹੀਏ ॥

(੩੭) ਜਿਸ ਜਿਸ ਤਖਤ ਸਾਹਿਬ ਪਰ ਜੋ ਜੋ ਕਾਰਵਾਈ ਹੋਇਆ ਕਰੇ ਜਿਸ ਦਾ ਅਸਰ ਪੰਥ ਪਰ ਪਉਂਦਾ ਹੈ ਕਿਸੀ ਵਿਸ਼ੇਸ਼ ਅਖਬਾਰ ਦੁਆਰਾ ਪੰਥ ਪਰ ਪ੍ਰਗਟ ਹੁੰਦੀ ਰਹੇ। ਐਸਾ ਵਿਸ਼ੇਸ਼ ਅਖਬਾਰ ਓਹ ਹੋਵੇਗਾ ਜੋ ਤਖਤਾਂ ਗੁਰਦੁਵਾਰਿਆਂ ਦਾ ਆਪਣਾ ਹੋਵੇ ਅਥਵਾ ਤਖਤਾਂ ਗੁਰਦੁਵਾਰਿਆਂ ਦੀ ਤਾਬਿਆ ਦਾਰੀ ਵਿਚ ਹੋਵੇ।

## (੬) ਗੁਰਦੁਵਾਰੇ

(੩੮) ਉਨ੍ਹਾਂ ਆਸ੍ਥਾਂ ਦੇ ਨਾਉਂ ਗੁਰਦੁਵਾਰੇ ਹਨ ਜਿਥੇ ਗੁਰੂ ਬਾਬੇ ਨੇ ਚਰਣ ਟਿਕਾਇਆ ਹੋਵੇ। ਅਰਥਾਤ ਦਸਾਂ ਪਾਤਸ਼ਾਹੀਆਂ ਵਿਚੋਂ ਕਿਸੀ ਪਾਤਸ਼ਾਹੀ ਨੇ ਉਸ ਥਾਂ ਬਿਸ੍ਰਾਮ ਨਿਵਾਸ ਕੀਤਾ ਅਥਵਾ ਕੋਈ ਕੌਤਕ ਰਚਿਆ ਹੋਵੇ। ਅਥਵਾ ਜਨਮ ਤਥਾ ਜੋਤੀ ਜੋਤ ਸਮਾਉਣ ਆਦਿਕ ਦਾ ਚਰਿਤ੍ਰ ਹੋਇਆ ਹੋਵੇ ॥

(੩੯) ਐਸੇ ਸਥਾਨਾਂ ਦੀ ਭੂਮੀ ਭਾਗਾਂ ਵਾਲੀ, ਉਤਮ ਅਤੇ ਪਵਿਤ੍ਰ ਹੈ। ਉਸ ਵਿਸ਼ੇਸ਼ ਸਥਾਨ ਪਰ ਪੂਜਾ ਲਈ ਸ੍ਰੀ ਗੁਰੂ ਜੀ ਦਾ ਆਸਨ (ਮੰਜੀ ਸਾਹਿਬ) ਥਾਪਨ ਹੋਈ ਹੁੰਦੀ ਹੈ। ਸ੍ਰੀ ਗੁਰੂ ਜੀ ਦੇ ਪ੍ਰੇਮੀ ਸਿਖ ਜਿਨ੍ਹਾਂ ਨੂੰ ਵਾਹਿਗੁਰੂ ਜੀ ਨੇ ਅੰਨ ਧਨ ਸੰਪਤਾ ਦੀ ਦਾਤ ਬਖਸ਼ੀ ਹੈ ਅਪਣੇ ਅਪਣੇ ਵਿਤ ਅਨੁਸਾਰ ਜਾਗੀਰਾਂ ਆਇਮੇ ਮਾਛੀਆਂ ਛਿਮਾਹੀਆਂ ਵਰ-ਹੀਣਿਆਂ ਦੇ ਬੰਧਾਨ ਮੰਜੀ ਸਾਹਿਬਾਂ ਦੇ ਨਾਲ ਲਗਾਇਕਰ ਆਪਣਾ ਅੰਨ ਧਨ ਸੰਪਤਾ ਸੁਫਲ ਕਰਦੇ ਹਨ ॥

(੪੦) ਐਸੇ ਗੁਰਦੁਵਾਰਿਆਂ ਦੇ ਆਸ੍ਰਮਾਂ ਪਰ ਅਠਵਾਰੇ, ਮਹੀਨੇ, ਤ੍ਰੈ ਮਹੀਨੇ, ਛਿਮਾਹੀ ਵਰਹੀਣੇ ਨੂੰ ਕਿਸੀ ਦਿਨ ਤਿਉਹਾਰ ਪਰਬ ਪਰ ਨੇੜੇ ਅਤੇ ਦੂਰ ਦੀਆਂ ਸੰਗਤਾਂ ਨੂੰ ਆ ਕੇ ਇਕਤ੍ਰ ਹੋਕਰ ਜੋੜ ਜੱਗ ਮੇਲੇ ਅਤੇ ਯਾਤ੍ਰਾ ਕਰਨ ਦਾ ਨੇਮ ਪੱਕਾ ਹੋਣਾ ਚਾਹੀਏ ॥

(੪੧) ਇਨਾਂ ਗੁਰਦੁਵਾਰਿਆਂ ਦੀਆਂ ਮੰਜੀਆਂ ਸਾਹਿਬਾਂ ਦੇ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਕਰਨਾ, ਜੇ ਗੁਰਦੁਵਾਰਿਆਂ ਦੀਆਂ ਮੰਜੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੀ ਆਪਣੀ ਥਾਂ ਸੁਤੰਤ੍ਰ ਪੂਜ ਪਦਾਰਥ ਹਨ ਆਪੋ ਵਿਚ ਇਕ ਦੂਜੇ ਦੀ ਅਪੇਖਿਆ ਕਰਕੇ ਪੂਜਣ ਯੋਗ ਨਹੀਂ ਹੋਇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਯੋਗ ਸਥਾਨ ਪਰ ਪ੍ਰਕਾਸ਼ ਮਾਨ ਹੋਣ। ਜਿਥੇ ਗ੍ਰੰਥੀ ਪਾਠੀ ਤਾਬਿਆ ਬੈਠ ਸਕੇ ॥

(੪੨) ਸ੍ਰੀ ਗੁਰੂ ਨਾਨਕ ਜੀ ਮਹਾਰਾਜ ਤੋਂ ਲੈ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਪੰਜਵੀਂ ਪਾਤਸ਼ਾਹੀ ਤਕ ਪੂਰਬ ਪੰਜਾਂ ਪਾਤਸ਼ਾਹੀਆਂ ਦੇ ਟਿਕਾਣਿਆਂ ਵਾਲਿਆਂ ਗੁਰ ਦੁਵਾਰਿਆਂ ਦੀਆਂ ਮੰਜੀਆਂ ਸਾਹਿਬਾਂ ਪਰ ਚੋਲਾ ਅਤੇ ਰੁਮਾਲ ਪਾਇਆ ਰਹੇ ਅਤੇ ਉਪਰ ਉਸ ਦੇ ਹੋਵੇ ਤਾਂ ਸੇਲੀ ਟੋਪੀ ਮਾਲਾ ਤਥਾ ਜਪੁਜੀ ਦਾ ਗੁਟਕਾ ਸਥਾਪਨ ਹੋਣ ਦੀ ਯੋਗਤਾ ਹੈ ॥

(੪੩) ਤਥਾ ਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਛੇਵੀਂ ਪਾਤਸ਼ਾਹੀ ਜੀ ਤੋਂ ਲੈ ਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਸਮੀ ਪਾਤਸ਼ਾਹੀ ਤੱਕ ਉੱਤ੍ਰ ਦੀਆਂ ਪੰਜਾਂ ਪਾਤਸ਼ਾਹੀਆਂ ਦੇ ਟਿਕਾਣਿਆਂ ਦੇ ਗੁਰਦੁਵਾਰਿਆਂ ਦੀਆਂ ਮੰਜੀਆਂ ਸਾਹਿਬਾਂ ਪਰ ਚੋਲਿਆਂ ਰੁਮਾਲਾਂ ਪਰ ਸ਼ਸਤ੍ਰਾਂ ਦੇ ਸਥਾਪਨ ਹੋਣ ਦੀ ਯੋਗਤਾ ਹੈ ॥

(੪੪) ਮੰਜੀ ਸਾਹਿਬਾਂ ਵਾਲਿਆਂ ਗੁਰਦੁਵਾਰਿਆਂ ਦੇ ਆਸ੍ਰਮਾਂ ਵਿਚ ਮੰਜੀ ਸਾਹਿਬਾਂ ਦੇ ਨਿਕਟ ਯੋਗ ਸਥਾਨਾਂ ਪਰ ਨਿਸ਼ਾਨ ਸਾਹਿਬ ਭੀ ਖੜੇ ਹੋਕਰ ਝੂਲਦੇ ਰਹੇ ਹਨ ॥

(੪੫) ਸ੍ਰੀ ਗੁਰੂ ਸਾਹਿਬਾਂ ਜੀ ਦੇ ਪ੍ਰਵਾਰਾਂ ਵਿਚੋਂ ਮਾਤਾ ਸਾਹਿਬਾਂ ਦੇ ਅਤੇ ਸਾਹਿਬ ਜਾਦਿਆਂ ਦੇ ਜੋਤੀ ਜੋਤ੍ਰ ਹੋਣ ਦੇ ਅਥਵਾ ਕਿਸੀ ਵਿਸ਼ੇਸ਼ ਕੌਤਕ ਸੰਬੰਧੀ ਸਥਾਨ ਤਥਾ ਪੰਥ ਦੇ ਸ਼ਹੀਦਾਂ ਸਿੰਘਾਂ ਦੇ ਸੀਸ ਗੰਜ ਸ਼ਹੀਦ ਗੰਜ ਸ਼ਹੀਦ ਬੁੰਗੇ ਆਦਿਕ ਸਥਾਨ ਭੀ ਗੁਰਦਵਾਰਿਆਂ ਦੀ ਹੀ ਸ਼੍ਰੇਣੀ ਵਿਚ ਹਨ ॥

## (੭) ਧਰਮਸਾਲਾ

(੪੬) ਪਿੰਡਾਂ ਵਿਚ ਅਤੇ ਨਗਰਾਂ ਸ਼ਹਰਾਂ ਦੇ ਮਹੱਲਿਆਂ ਗਲੀਆਂ ਕੂਚਿਆਂ ਵਿਚ ਗੁਰੂ ਕੇ ਸਿਖਾਂ ਦੀ ਸਾਧ ਸੰਗਤ ਦੇ ਨਿਤ ਇਕਤ੍ਰ ਹੋ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਕਾਸ਼ ਕਰਕੇ ਸ਼ਬਦ ਕੀਰਤਨ ਕਥਾ ਆਦਿਕ ਦਾ ਸਤਿਸੰਗ ਕਰਨ ਲਈ ਸਥਾਨ ਬਨਦੇ ਹਨ ਇਨ੍ਹਾਂ ਆਸ੍ਰਮਾਂ ਦਾ ਨਾਉਂ ਧਰਮਸਾਲਾ ਹੈ। ਤਥਾ ਆਏ ਗਏ ਸਿਖ ਸਾਧ ਅਭਿਆਗਤ ਅਥਵਾ ਯਾਤ੍ਰੀ (ਮੁਸਾਫ਼ਰਾਂ) ਦੇ ਆਰਾਮ ਪਾਉਣ ਤਥਾ ਬਾਲਕਾਂ ਲਈ ਗੁਰਮੁਖੀ ਵਿਦਿਆ ਪੜ੍ਹਾਉਣ ਦੇ ਟਿਕਾਣੇ ਹਨ। ਦਖਨ ਪੂਰਬ ਦੇਸ ਦੇ ਦੇਸਾਂ ਵਿਚ ਇਨਾਂ ਧਰਮਸਾਲਾਂ ਦੇ ਨਾਉਂ ਸੰਗਤਾਂ ਹਨ ॥

## (੮) ਗੁਰ ਅੰਸਾਂ ਬਾਬੇ ਕਿਆਂ ਦੇ ਅਤੇ ਬਖਸ਼ਾਂ ਵਾਲੇ ਭਾਈਆਂ ਕਿਆਂ ਦੇ ਟਿਕਾਣੇ

(ਗੁਰ ਅਸਾਂ ਬਾਬੇ ਕਿਆਂ ਵਿਚੋਂ ਤਥਾ ਬਖਸ਼ਾਂ ਵਾਲਿਆਂ ਭਾਈਆਂ ਕਿਆਂ ਵਿਚੋਂ ਜਿਨ੍ਹਾਂ ਸਤਿ ਪੁਰਸ਼ਾਂ ਮਹਾਤਮਾਂ ਨੇ ਗੁਰੂ ਜੀ ਦੀ ਸਿਖੀ ਦਾ ਪ੍ਰਚਾਰ ਕੀਤਾ ਹੈ, ਉਨਾਂ ਦੇ ਆਸ੍ਰਮ ਜੋ ਗੁਰ ਸਿਖੀ ਦੇ ਪ੍ਰਚਾਰ ਦੇ ਕੇਂਦਰ (ਧੁਰਾ-ਮਰਕਜ਼)

ਹਨ ਇਨ੍ਹਾਂ ਵਿਚ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਕਰ ਸਿਖਾਂ ਸੰਗਤਾਂ ਦੇ ਇਕਤ੍ਰ ਹੋ ਕਰ ਸ਼ਬਦ ਕੀਰਤਨ ਕਥਾ ਪਾਠ ਆਦਿਕ ਸਤਿਸੰਗ ਹੋਨ ਦੀ ਮ੍ਰਿਜਾਦਾ ਹੈ । ਇਨ੍ਹਾਂ ਬਾਬੇ ਕਿਆਂ ਅਥਵਾ ਭਾਈਆਂ ਕਿਆਂ ਦੀਆਂ ਗੁਰ ਗਦੀਆਂ ਚਲਦੀਆਂ ਹਨ ॥

## ਸੰਤਾਂ ਮਹੰਤਾਂ ਦੇ ਡੇਰੇ

ਸ੍ਰੀ ਗੁਰੂ ਜੀ ਦੇ ਸਿੱਖਾਂ ਸੰਤਾਂ ਸਾਧਾਂ ਵਿਚੋਂ ਜੋ ਆਪਣੇ ਤਪ ਦੇ ਤੇਜ ਕਰ ਬਲੀ ਹੋ ਸ੍ਰੀ ਗੁਰੂ ਜੀ ਦੀ ਸਿਖੀ ਦਾ ਪ੍ਰਚਾਰ ਕਰਨ ਉਹਨਾਂ ਸਤਿ ਪੁਰਸ਼ਾਂ ਮਹਾਤਮਾ ਦੇ ਏਹ ਟਿਕਾਣੇ ਭੀ ਗੁਰ ਸਿਖੀ ਦੇ ਪਰਚਾਰ ਦੇ ਕੇਂਦਰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਕਰ ਸ਼ਬਦ ਕੀਰਤਨ ਕਥਾ ਸਤਿਸੰਗ ਲਈ ਸੰਗਤਾਂ ਦੇ ਇਕਤ੍ਰ ਹੋਣ ਦੇ ਏਹ ਭੀ ਆਸ਼ਰਮ ਹਨ। ਇਨ੍ਹਾਂ ਆਸ਼ਰਮਾਂ ਵਿਚ ਆਤਮ ਵਿਦਯਾ ਦਾ ਪ੍ਰਚਾਰ ਵਿਸ਼ੇਸ਼ ਕਰਕੇ ਹੁੰਦਾ ਹੈ। ਅਕਸਰ ਗੁਣੀਆਂ ਗਿਆਨੀਆਂ ਵਿਦਵਾਨਾਂ ਦੇ ਟਿਕਣ ਦੇ ਇਹ ਟਿਕਾਣੇ ਹਨ। ਇਨ੍ਹਾਂ ਦੀਆਂ ਭੀ ਗੱਦੀਆਂ ਚਲਦੀਆਂ ਹਨ। ਗੱਦੀ ਨਾਮ ਦੀ ਸੰਗਯਾ ਸਦਾ ਦੂਜੀ ਪੀਹੜੀ ਤੋਂ ਹੀ ਆਰੰਭ ਹੋਇਆ ਕਰਦੀ ਹੈ ॥

## ਤਖਤਾਂ ਸਾਹਿਬਾਂ ਅਤੇ ਗੱਦੀਆਂ ਦਾ ਭੇਦ ਤਥਾ ਸੰਬੰਧ

ਦਸੋਂ ਗੁਰੂ ਸਾਹਿਬ ਪਾਤਸ਼ਾਹ ਹਨ ਜਿਨ੍ਹਾਂ ਦੇ ਤਖਤ ਹਨ ਅਤੇ ਗੁਰੂ ਪੁਤ੍ਰਾਂ ਅਰਥਾਤ ਬਾਬੇਕਿਆਂ ਗੁਰ ਅੰਸਾਂ ਦੀਆਂ ਤਥਾ ਬਖਸ਼ਾਂ ਵਾਲਿਆਂ ਭਾਈਆਂ ਕਿਆਂ ਦੀਆਂ ਤਥਾ ਸੰਤਾਂ ਤੇ ਮਹੰਤਾਂ ਦੀਆਂ ਗੱਦੀਆਂ ਵਜਦੀਆਂ ਹਨ ਜੋ ਤਖਤਾਂ ਸਾਹਿਬਾਂ ਦੀ ਤਾਬਿਆ ਹਨ। ਸੋ ਏਹ ਸਾਰੇ ਗੁਰੂ ਕਿਆਂ ਦੇ ਹੀ ਟਿਕਾਣੇ ਹਨ ਜੀਕਰ ਸੰਸਾਰੀ ਪਾਤਸ਼ਾਹਾਂ ਦੇ ਵੱਡਿਆਂ ਛੋਟਿਆਂ ਹਾਕਮਾਂ ਦੇ ਟਿਕਾਣਿਆਂ ਦਾ ਧ੍ਰਵਾ ਹੈ ਈਕੁਰ ਹੀ ਦੀਨ ਦੇ ਸੱਚੇ ਪਾਤਸ਼ਾਹਾਂ ਦੀਆਂ ਗੱਦੀਆਂ ਦਾ ਭੀ ਧ੍ਰਵਾ ਹੈ ਸਭਨਾਂ ਵੱਡੀਆਂ ਤੇ ਛੋਟੀਆਂ ਗੱਦੀਆਂ ਦੇ ਕਾਇਮ ਹੋਣ ਦਾ ਏਹ ਪ੍ਰਯੋਜਨ ਨਹੀਂ ਕਿ ਮੀਣਿਆਂ ਧੀਰ ਮੱਲੀਆਂ ਰਾਮਰਾਈਆਂ ਮਸੰਦਾਂ ਦੀ ਨਿਆਂਈ ਦਸਾਂ ਪਾਤਸ਼ਾਹੀਆਂ ਦੇ ਨਾਲ ਸ਼ਰੀਕਾ ਕਰਕੇ ਆਪਣੀ ਕੋਈ ਵਖਰੀ ਹੀ ਬਣਤ ਬਣਾਇ ਲੈਨ। ਉਲਟ ਇਸਦੇ ਏਹ ਪ੍ਰਯੋਜਨ ਹੈ ਕਿ ਆਪਣੇ ਆਪਣੇ ਅੰਸ ਬੰਸ ਤਪ ਤੇਜ ਦੇ ਪ੍ਰਭਾਵ ਕਰਕੇ ਆਪਣੇ ਅਸਰ ਹੇਠ ਲਿਆਇਆਂ ਹੋਇਆਂ ਸਿਖਾਂ ਨੂੰ ਦਸ ਪਾਤਸ਼ਾਹੀ ਗੁਰਾਂ ਦੀ ਆਈਨ ਵਿਚ ਜੋੜੀ ਰਖਣ। ਤਥਾ ਦਸਾਂ ਪਾਤਸ਼ਾਹੀਆਂ ਦੀ ਸਿਖੀ ਦੀ ਚਾਦਰ ਨੂੰ ਫੈਲਾਉਣ ॥

ਜੋ ਜੋ ਸਿਖ ਜਿਸ ਜਿਸ ਗੱਦੀ ਨਾਲ ਖਾਨਦਾਨੀ ਸੇਵਕਾਈ ਦਾ ਸੰਬੰਧ ਰਖਦੇ ਹੋਣ ਉਹ ਉਨ੍ਹਾਂ ਗੱਦੀਆਂ ਦੇ ਸਨਮੁਖ ਰਹਣ ਬੇ-ਮੁਖ ਨਾ ਹੋਣ ॥

ਅਤੇ ਏਹ ਗੱਦੀਆਂ ਵਾਲੇ ਆਪਣੀਆਂ ਆਪਣੀਆਂ ਗੱਦੀਆਂ ਦੀ ਸੇਵਕਾਈ ਵਾਲੇ ਸਿਖਾਂ ਸਮੇਤ ਤਥਾ ਜੋ ਕਿਸੀ ਮੰਡਲੀਕ ਗੱਦੀ ਦੇ ਨਾਲ ਸੇਵਕਾਈ ਦਾ ਸੰਬੰਧ ਨਾ ਭੀ ਰਖਦੇ ਹੋਣ ਸਾਰੇ ਦੇ ਸਾਰੇ ਜੋ ਨਾਮ ਧ੍ਰੀਕ ਸਿਖ ਮਾਤ੍ਰ ਹਨ ਚਾਹੇ ਕੇਸਾ ਧਾਰੀ ਖੰਡੇ ਪਾਹੁਲੀਏ ਚਾਹੇ ਚਰਣ ਪਾਹੁਲੀਏ ਚਾਹੇ ਸਹਜਧਾਰੀ ਸਿਖ ਹੋਣ ਜੋ ਦਸਾਂ ਪਾਤਸ਼ਾਹੀਆਂ ਦੀ ਸਿਖੀ ਦੇ ਨਾਲ ਮਮਤਾ ਰਖਦੇ ਹੋਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹੋਨ ਸਭਨਾਂ ਨੂੰ ਜਰੂਰੀ ਹੈ ਕਿ ਸਾਰੇ ਤਖਤਾਂ ਸਾਹਿਬਾਂ ਗੁਰਦਵਾਰਿਆਂ ਦੇ ਸਦਾ ਸਨਮੁਖ ਰਹਣ। ਕਦੀ ਸੁਪਨੇ ਵਿਚ ਭੀ ਕਿਸੀ ਨੂੰ ਗੁਰਦੁਆਰਿਆਂ ਤੋਂ ਬੇਮੁਖਤਾਈ ਦੇ ਅਪਰਾਧ ਦਾ ਸੰਕਲਪ ਨਾ ਉਪਜੇ ਜੋ ਗੁਰਦਵਾਰੇ ਦੀ ਬੇਮੁਖਤਾ ਦਾ ਅਪ੍ਰਾਧ ਇਤਨਾ ਵੱਡਾ ਹੈ ਕਿ ਹੋਰ ਜਿਤਨੇ ਸੰਸਾਰ ਵਿਚ ਅਪ੍ਰਾਧ ਗਿਣੇ ਜਾਂਦੇ ਹਨ ਉਹ ਸਾਰੇ ਇਸਦੇ ਇਕ ਲੂੰਏਂ ਦੇ ਬਰੋਬਰ ਭੀ ਨਹੀਂ। ਅਤੇ ਇਸ ਗੁਰ ਦੁਆਰੇ ਤੋਂ ਬੇਮੁਖਪਾਈ ਦੀ ਹੱਤਿਆ ਦੇ ਉਤਾਰਨ ਦਾ ਕੋਈ ਉਪਚਾਰ ਭੀ ਨਹੀਂ। ਏਹ ਹੱਤਿਆ ਮੂਲੋਂ ਹੀ ਨਹੀਂ ਉਤਰਦੀ। ਯਥਾ ਭਾਈ ਗੁਰਦਾਸ ਜੀ ਦੇ ਬਚਨ ਵਾਰ ੩੪ ਵਿਚੋਂ

ਬਾਮਣ ਗਾਂਈਂ ਵੰਸ ਘਾਤ ਅਪਰਾਧ ਕਰਾਰੇ।
ਮਦ ਪੀ ਜੂਏ ਖੇਲਦੇ ਜੋਹਨ ਪਰ ਨਾਰੇ ॥

ਮੋਹਨ ਪਰਾਈ ਲਛਮੀ ਠੱਗ ਚੋਰ ਜੁਆਰੇ ।
ਵਿਸਵਾਸ ਧ੍ਰੋਹੀ ਅਕਿਰਤਘਨ ਪਾਪੀ ਹੱਤਿਆਰੇ ।
ਲੱਖ ਕਰੋੜੀ ਜੋੜਿਅਨਿ ਅਣਗਿਣਤ ਅਪਾਰੇ ।
ਇਕਤ ਲੂੰਇ ਨ ਪੁਜਨੀ ਬੇਮੁਖ ਗੁਰਦੁਆਰੇ ॥ ੧੬ ॥
ਗੰਗ ਜਮਨ ਗੋਦਾਵਰੀ ਕੁਲ ਖੇਤ ਪਧਾਰੇ ।
ਮਥਰਾ ਮਾਇਆ ਅਜੁਧਿਆ ਕਾਂਸੀ ਕੇਦਾਰੇ ।
ਗਯਾ ਪਿਰਾਗ ਸੁਰਸੱਤੀ ਗੋਮਤੀ ਦੁਆਰੇ ।
ਜਪ ਤਪ ਸੰਜਮ ਹੋਮ ਜੱਗ ਸਭ ਦੇਵ ਜੁਹਾਰੇ ।
ਅਖੀਂ ਪਰਣੈ ਜੇ ਭਵੈ ਤਿਹੁ ਲੋਇ ਮਝਾਰੇ ।
ਮੂਲ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ ॥

ਨਿਗੁਰਾ ਹੋਣਾ ਬੜਾ ਪਾਪ ਹੈ ਅਤੇ ਇਸਤੋਂ ਲੱਖ ਗੁਣਾ ਵਧ ਕੇ ਗੁਰੂ ਗੁਰਦੁਵਾਰਿਆਂ ਤੋਂ ਬੇਮੁਖ ਹੋਣ ਦਾ ਪਾਪ ਹੈ ਅਤੇ ਇਸ ਤੋਂ ਲੱਖ ਗੁਣਾ ਅਧਿਕ ਗੁਰਗੋਪ ਹੋਣ ਦਾ ਪਾਪ ਹੈ। ਆਪਣੇ ਗੁਰੂ ਨੂੰ ਗੁਰੂ ਨਾ ਮੰਨਕੇ ਇਨਕਾਰ ਕਰਨ ਵਾਲੇ ਦਾ ਨਾਉਂ ਗੁਰ ਗੋਪ ਹੈ ॥

ਗੁਰ ਦੁਵਾਰਿਆਂ ਦੇ ਅਧਿਕਾਰੀਆਂ ਨੂੰ ਤਥਾ ਗੱਦੀਆਂ ਦੇ ਅਧਿਕਾਰੀਆਂ ਨੂੰ ਸ੍ਰੇਸ਼ਟਾਚਾਰੀ ਰਹਿਣਾ ਜਰੂਰੀ ਹੈ। ਜੇਕਰ ਕੋਈ ਭ੍ਰਿਸ਼ਟਾਚਾਰੀ ਕੁਕਰਮੀ ਹੋਵੇ ਤਾਂ ਉਸ ਦੀ ਸੰਗਤ ਤੋਂ ਪਰਹੇਜ਼ ਕਰਨਾ ਪਰ ਆਸ਼੍ਰਮ ਤੋਂ ਬੇਮੁਖ ਨਹੀਂ ਹੋਣਾ ॥

## ਉਪ੍ਰੋਕਤ ਆਸ਼੍ਰਮਾਂ ਦੀਆਂ ਸ੍ਰੇਣੀਆਂ ਦੇ ਦਰਜੇ

ਸਿਖ ਪੰਥ ਦੇ ਵਿਚ ਜਿਤਨੀਆਂ ਉਪਰ ਨਿਰਨੈ ਕੀਤੀਆਂ ਸ੍ਰੇਣੀਆਂ ਦੇ ਧਾਰਮਕ ਆਸ਼੍ਰਮ ਹਨ ਸਭਨਾਂ ਦੇ ਆਪੋ ਆਪਣੀਆਂ ਸ੍ਰੇਣੀਆਂ ਵਿਚ ਦੋ ਦੋ ਦਰਜੇ ਹਨ । ਪਹਿਲੇ ਦਰਜੇ ਦੇ ਓਹ ਹਨ ਜਿਨਾਂ ਵਿਚ ਲੰਗਰਾਂ ਦੇ ਚੁੱਲ੍ਹੇ ਤਪਦੇ ਹਨ ਅਤੇ ਦੂਜੇ ਦਰਜੇ ਦੇ ਓਹ ਹਨ ਜਿਨ੍ਹਾਂ ਵਿਚ ਸਿਖਾਂ ਦੇ ਘਰੋਂ ਪ੍ਰਸਾਦੀਆਂ (ਹਾਜਰੀਆਂ) ਆਈਆਂ ਹੋਈਆਂ ਪਰ ਹੀ ਗੁਜਾਰਾ ਹੁੰਦਾ ਹੈ ॥

ਜਿਨਾਂ ਗੁਰਦੁਵਾਰਿਆਂ ਧਰਮਸਾਲਾਂ ਅਤੇ ਸੰਤਾਂ ਮਹੰਤਾਂ ਆਦਿਕਾਂ ਖੰਡੇ ਪਾਹੁਲੀਆਂ ਦੇ ਡੇਰਿਆਂ ਵਿਚ ਲੰਗਰ ਪੱਕਦੇ ਤੇ ਜਾਰੀ ਹੋਣ ਉਨਾਂ ਡੇਰਿਆਂ ਵਿਚ ਏਹ ਸੰਕੇਤ ਪੱਕਾ ਰਹਣਾ ਚਾਹੀਏ ਕਿ ਮਹੰਤਾਂ ਗੁੰਥੀਆਂ ਕਾਰਬਾਰੀਆਂ ਕੁਠਾਰੀਆਂ ਦੇ ਨਾਲ ਲਾਂਗਰੀ ਅਤੇ ਵਰਤਉਏ ਭੀ ਖੰਡੇ ਪਾਹੁਲੀਏ ਚਿੱਟੇ ਬਸਤ੍ਰਾਂ ਵਾਲੇ ਕੱਛ ਕਿਰਪਾਣ ਦੀ ਰਹਤ ਵਿਚ ਪ੍ਰਪੱਕ ਹੋਣ। ਤਥਾ ਹੀ ਪ੍ਰਸਾਦ ਛਕਨ ਵਾਲਿਆਂ ਦੀਆਂ ਪੰਗਤਾਂ ਭੀ ਦੋ ਹੋਨ—ਕੱਛ ਕਿਰਪਾਨ ਦੇ ਰਹਤਵਾਨਾਂ ਦੀ ਜੁਦਾ ਅਤੇ ਬੇਰਹਤੀਆਂ ਦੀ ਜੁਦਾ ਹੋਵੇ। ਪੰਗਤ ਵਿਚ ਕੱਛ ਕਿਰਪਾਣ ਆਦਿਕ ਰਹਤ ਦਾ ਬਿਚਾਰ ਹੈ ਗਿਆਨ ਵਿਚਾਰ ਦਾ ਨਹੀਂ ਹੈ।

(੫੫) ਹਾਜਰੀਆਂ ਲੈਣ ਨੂੰ ਜੋ ਸਿੱਖਾਂ ਦੇ ਘਰੀਂ ਜਾਵਣ ਬਗਲੀ ਪਾਕੇ ਪਿੰਨਨ (ਮੰਗਣ) ਨਾ ਜਾਵਨ। ਟੋਕਰਾ ਪਛੜਾ ਲੈਕੇ ਉਗਰਾਹੀ ਕਰਨ ਜਾਵਨ। ਆਪਣੇ ਸਿਖ ਖਾਲਸਾ ਪੰਥ ਦੀ ਰੀਤੀ "ਸਤਿਨਾਮ' ਦਾ ਬੋਲਾ ਬੋਲਕੇ ਚੇਤਾਵਨੀ ਕਰਾ ਦੇਨ। ਅਗੋਂ" ਘਰ ਵਾਲਾ ਪ੍ਰਸਾਦੀ ਲੈਕਰ ਹਾਜਰੀ ਭਰੇ ਅਰਥਾਤ ਹਾਜਰੀ ਹਾਜਰ ਕਰੇ: ਤਾਤਪਰਯ ਏਹ ਕਿ ਖਾਲਸਾ ਪੰਥ ਦੇ ਨਿਯਮ ਯਾਚਕਾਂ ਭਿਖਾਰੀਆਂ ਵਾਲੀ ਕੰਗਲੀ ਬ੍ਰਿਤੀ ਪਰ ਨਹੀਂ ਹਨ। ਬ੍ਰਾਹਨਾ ਬ੍ਰਿਤੀ ਪਰ ਹਨ।

ਇਸੀ ਅਸੂਲ ਪਰ ਪੰਥ ਵਿਚ ਜੋ ਪਦਾਰਥ ਅਰਪਣ ਕੀਤਾ ਜਾਂਦਾ ਹੈ ਉਸਦਾ ਨਾਉਂ ਚੜ੍ਹਤ ਚੜ੍ਹਾਵਾ ਭੇਟ ਪੂਜਾ ਉਗਰਾਹੀ ਤਥਾ ਅਰਦਾਸ ਹੋਣਾ ਟੈਹਲ ਹੋਣੀ ਆਦਿਕ ਕਹਣ ਦੀ ਮ੍ਰਿਜਾਦਾ ਹੈ ਲੈਣ ਵਾਲੇ ਹੱਥ ਹੇਠਾਂ ਹੱਥ ਰਖਕੇ ਪਦਾਰਥ ਨਹੀਂ ਲੈਂਦੇ, ਹਥ ਦੇ ਉਤੋਂ ਚੁਕ ਲੈਂਦੇ ਹਨ ਅਥਵਾ ਅਗੇ ਧਰਿਆ ਲੈਂਦੇ ਹਨ। ਗੁਰੂ ਕੇ ਘਰੋਂ ਜੋ ਪ੍ਰਸਾਦ

ਮਿਲੇ ਓਹ ਹਥ ਪਰ ਲੈਣ ਦੀ ਮ੍ਰਿਜਾਦਾ ਹੈ।

(੫੬) ਗੁਰਦੁਆਰਿਆਂ ਧਰਮਸਾਲਾਂ ਹਾਜਰ ਕਰਨ ਵਾਲੀਆਂ ਜੋ ਪ੍ਰਸਾਦੀਆਂ (ਹਾਜਰੀਆਂ) ਦਾ ਬੰਧਾਨ ਬੱਧਾ ਹੁੰਦਾ ਹੈ ਇਕ ਇਕ ਪ੍ਰਸਾਦੀ ਦੇ ਜੱਗ ਨਾਲ ਸਾਲ ਵਿਚ ੩੬੫ ਪ੍ਰਸਾਦੀ ਦਿਤੀ ਜਾਂਦੀ ਹੈ ਜੋ ਸਹਜ ਸੁਭਾਉ ਹੀ ਸਵਾ ਸੌ ਸਿਖ ਸੰਤ ਸਾਧ ਅਭਿਆਗਤ ਦੇ ਪ੍ਰਸਾਦ ਦਾ ਜੱਗ ਹੋ ਜਾਂਦਾ ਹੈ। ਅਤੇ ਉਚੇਚ ਕਰਕੇ ਹੋਰ ਜੋ ਕੋਈ ਵਾਧੂ ਦੇਵੇ ਓਹ ਜੁਦਾ। ਇਸ ਪ੍ਰਕਾਰ ਧਰਮ ਦੀ ਕਮਾਈ ਵਿਚੋਂ ਧਰਮ ਅਰਥ ਦੇਣ ਦਾ ਬਹੁਤ ਮਹਾਤਮ ਹੈ।

(੫੭) ਗੁਰਦੁਆਰਿਆਂ ਧਰਮਸਾਲਾਂ ਵਿਚ ਜੋ ਪਰਸਾਦ ਲੰਗਰ ਦਾ ਅਥਵਾ ਹਾਜਰੀਆਂ ਦਾ ਵਰਤੇ, ਬਿਨਾ ਕਿਸੀ ਵਿਚਾਰ ਦੇ ਸਿਖ ਸੰਤ ਸਾਧ ਅਭਿਆਗਤ (ਬਿਹੰਗਮ) ਭੁਖਾ ਕੰਗਲਾ ਗਰੀਬ ਅਨਾਥ ਕਿਸੀ ਜਾਤ ਜਮਾਤ ਦਾ ਹੋਵੇ ਸਰਬੱਤ ਨੂੰ ਦੇਣਾ ਕੋਈ ਵਿਦਕਰਾ ਨਹੀਂ ਕਰਨਾ। ਪੰਗਤ ਵਿਚ ਬੈਠਨ ਦੇ ਅਧਿਕਾਰੀ ਨੂੰ ਪੰਗਤ ਵਿਚ ਬੈਠਾਕੇ ਪ੍ਰੇਮ ਨਾਲ ਛਕਾਉਣਾ ਅਤੇ ਦੇਣ ਵਾਲੇ ਅਧਿਕਾਰੀ ਨੂੰ ਦੇ ਦੇਣ।

(੫੮) ਇਸ ਗਲ ਦਾ ਸਦਾ ਖਿਆਲ ਰਖਣਾ ਕਿ ਇਸ ਪ੍ਰਸ਼ਾਦ ਦੇ ਆਸਰੇ ਕੋਈ ਕਿਰਤ ਕਮਾਈ ਨੂੰ ਛਡਕੇ ਨਿਕੰਮਾ ਨਾ ਹੋ ਜਾਏ। ਜੋ ਆਸ਼੍ਰਮ ਵਿਚ ਆ ਜਾਏ ਪ੍ਰਿਥਮੇ ਦੋ ਯਾ ਚਾਰ ਡੰਗ ਉਸਨੂੰ ਪ੍ਰਸ਼ਾਦ ਛਕਾਉਣਾ ਤਥਾ ਦੇਣਾ ਇਸ ਤੇ ਉਪਰੰਤ ਆਸ਼੍ਰਮ ਦੀ ਕੋਈ ਨਾ ਕੋਈ ਸੇਵਾ ਲਗਾਕੇ ਦੇਣਾ। ਜੋ ਕਿਰਤ ਕਮਾਈ ਨਾ ਕਰ ਸਕਨ ਅੰਗ ਹੀਨ ਹੋਨ ਅਥਵਾ ਬਾਲ ਵਾ ਬ੍ਰਿਧ ਹੋਨ ਅਨਾਥ ਹੋਨ ਕਥਾ ਕੀਰਤਨ ਕਰਨ ਵਾਲੇ ਭਜਨ ਵਾਲੇ ਸੰਤ ਮਹਾਤਮਾ ਹੋਨ ਤਥਾ ਹੋਰ ਆਏ ਗਏ ਸਭ ਨੂੰ ਯਥਾ ਯੋਗ ਆਦਰ ਦੇ ਨਾਲ ਛਕਾਉਣਾ।

(੫੯) ਨਗਰਾਂ ਪਿੰਡਾਂ ਦੀਆਂ ਧਰਮਸਾਲਾਂ ਦੇ ਆਸ਼੍ਰਮ ਨਗਰਾਂ ਪਿੰਡਾਂ ਦੀ ਇਜ਼ਤ ਆਬਰੂ ਦਾ ਓਹਲਾ ਹੁੰਦੇ ਹਨ, ਆਏ ਗਏ ਸਾਧ ਅਭਿਆਗਤ ਪਰਦੇਸੀ ਨੂੰ ਨਿਵਾਸ ਮਿਲਦਾ ਹੈ ਪਰਸਨ ਹੁੰਦਾ ਹੈ ਜਿਸ ਕਰ ਨਗਰਾਂ ਪਿੰਡਾਂ ਦਾ ਧਰਮ ਹੁੰਦਾ ਅਤੇ ਜਸ ਫੈਲਦਾ ਹੈ। ਧਰਮ ਅਤੇ ਵਿਦਿਆ ਦਾ ਪਰਚਾਰ ਹੁੰਦਾ ਹੈ ਗਰੀਬਾਂ ਅਨਾਥਾਂ ਦੀ ਪ੍ਰਿਤਪਾਲਾ ਹੋਨ ਦੇ ਸਥਾਨ ਹਨ। ਤਾਂਤੇ ਵਾਸੀ ਵਾਲਿਆਂ ਨੂੰ ਐਸੇ ਆਸ਼੍ਰਮਾਂ ਦਾ ਬਹੁਤ ਹੀ ਧਿਆਨ ਰਖਣਾ ਯੋਗ ਹੈ ਜੋ ਜਿਸ ਅਧਿਕਾਰ ਦਾ ਕੋਈ ਹੋਵੇ ਉਸਦੀ ਯਥਾ ਯੋਗ ਸੇਵਾ ਹੋਨ ਵਿਚ ਕੋਈ ਥੁੜ ਨਾ ਰਹੇ। ਤਥਾ ਸਥਾਨ ਸੁੰਦਰ ਰਮਣੀਕ ਬਣ ਜਾਏ ਜੋ ਗੁਰੂ ਜੀ ਦੇ ਨਿਵਾਸ ਦਾ ਸਥਾਨ ਹੈ ਗੁਰੂ ਕਾ ਦੁਵਾਰਾ ਹੈ ਆਪਣੇ ਘਰਾਂ ਦੇ ਸਥਾਨਾਂ ਤੋਂ ਸੋਭਨੀਕ ਹੋਵੇ, ਅੰਦਰ ਜਾਂਦਿਆਂ ਹੀ ਮਨ ਦੀਆਂ ਬ੍ਰਿਤੀਆਂ ਸੁਕਚ ਕਰ ਉਸ ਸਥਾਨ ਵਿਚ ਇਕਤ੍ਰ ਹੋ ਜਾਨ ਜੋ ਸਬਦ ਬਾਣੀ ਭਜਨ ਕੀਰਤਨ ਵਿਚ ਸਹਜੇ ਹੀ ਬੱਝ ਜਾਣ। ਮਾਇਆਧਾਰੀ ਅਮੀਰਾਂ ਨੂੰ ਭੀ ਬੈਠਨ ਵਿਚ ਰੁਚੀ ਉਪਜੇ।

(੬੦) ਇਨਾਂ ਪ੍ਰਮਾਰਥਕ ਸਾਧਕ ਆਸ਼੍ਰਮਾਂ ਨੂੰ ਤਿੰਨ ਪ੍ਰਕਾਰ ਦੇ ਕਾਰਜ ਸਿਧ ਹੋਣ ਲਈ ਮਾਇਆ ਦੀ ਲੋੜ ਰਹਿੰਦੀ ਹੈ। ਜਿਨਾ ਪ੍ਰੇਮੀਆਂ ਨੂੰ ਵਾਹਿਗੁਰੂ ਜੀ ਨੇ ਕ੍ਰਿਪਾ ਕੀਤੀ ਹੈ ਕੁਛ ਕਿਰਤ ਕਮਾਈ ਕਰਦੇ ਹਨ ਓਹਨਾਂ ਨੇ ਹੀ ਏਹ ਲੋੜਾਂ ਪੂਰੀਆਂ ਕਰਨੀਆਂ ਹਨ।

(ੳ) ਸਥਾਨਾਂ ਦਾ ਬਣਾਉਣਾ ਤਥਾ ਮੁਰੰਮਤ ਕਰਨਾ।

(ਅ) ਲੰਗਰ ਜਾਰੀ ਰਖਣਾ ਤਥਾ ਆਏ ਗਏ ਦੇ ਆਰਾਮ ਕਰਨ ਲਈ ਸਾਮਾਨ ਦਾ ਪ੍ਰਬੰਧ ਰਖਣਾ।

(ੲ) ਆਸ਼੍ਰਮਾਂ ਦੇ ਅਧਿਕਾਰੀਆਂ ਅਤੇ ਸੇਵਕਾਂ ਦਾ ਨਿਰਬਾਹ। ਜੋ ਯਥਾ ਯੋਗ ਉਨ੍ਹਾਂ ਦੀ ਹੈਸੀਅਤ ਮੂਜਬ ਉਨ੍ਹਾਂ ਦਾ, ਜੋ ਟਬਰਦਾਰ ਹੋਨ ਤਾਂ ਟਬਰ ਸਮੇਤ ਗ੍ਰਹਸਥੀਆਂ ਵਰਗਾ ਭਲਮਾਨਸਾਈ ਦਾ ਗੁਜਾਰਾ ਹੋਣਾ ਚਾਹੀਏ॥

(੬੧) ਸਭਨਾਂ ਆਸ਼੍ਰਮਾਂ ਨੂੰ ਛੁਟਣ ਨਹੀਂ ਸਮਝਣਾ, ਸਾਰੇ ਆਸ਼੍ਰਮ ਤਖਤਾਂ ਸਾਹਿਬਾਂ ਦੀ ਤਾਬਿਆ ਹਨ ਸਭਨਾਂ ਨੂੰ ਤਖਤਾਂ ਸਾਹਿਬਾਂ ਦੇ ਹੁਕਮ ਮੰਨਣੇ ਜ਼ਰੂਰੀ ਹਨ। ਅਤੇ ਜੇ ਕੋਈ ਐਸੇ ਸਥਾਨਾਂ ਵਿਚ ਕੋਈ ਐਸੀ ਨਵੀਨ ਮ੍ਰਿਜਾਦਾ ਵਰਤਣੀ ਕਹੇ ਜੋ ਕਿਸੀ ਵੱਡੇ ਤਖਤ ਸਾਹਿਬ ਪਰ ਨਾ ਵਰਤੀ ਜਾਂਦੀ ਹੋਵੇ ਤਥਾ ਪੁਰਾਤਨ ਮ੍ਰਿਜਾਦਾ ਵਿਚ ਭੀ ਨਾ ਹੋਵੇ ਤਾਂ ਤਖਤਾਂ ਸਾਹਿਬਾਂ ਦੀ ਮਨਜ਼ੂਰੀ ਲਏ ਬਿਨਾਂ ਨਾ ਵਰਤੀ ਜਾਏ॥

# ਇਤਿਹਾਸ ਬਾਬਾ ਸਾਹਿਬ ਸਿੰਘ ਜੀ ਬੇਦੀ

(ਲੜੀ ਜੋੜਨ ਲਈ ਵੇਖੋ ਪਿਛਲਾ ਅੰਕ)

(ਸੰਪਾਦਕ ਡਾ, ਗੰਡਾ ਸਿੰਘ ਜੀ)

ਇਸ ਉਪਰੰਤ ਗੁਰੂ ਸਾਹਿਬ ਨਨਕਾਣਾ ਸਾਹਿਬ ਚਲੇ ਗਏ। ਇਥੋਂ ਦਰਸ਼ਨ ਕਰਕੇ ਦੇਹਰਾ ਸਾਹਿਬ ਵਿਚ ਆਏ। ਬੇਦੀ ਸਾਹਿਬ ਦੇ ਆਉਣ ਤੋਂ ਪਹਿਲਾਂ ਸਾਰੇ ਬੇਦੀ ਸਾਹਿਬਾਨ ਫ਼ਰਸ਼ ਵਿਛਵਾਕੇ ਬੈਠ ਗਏ, ਅਤੇ ਬੇਦੀ ਸਾਹਿਬ ਵੀ ਫ਼ਰਸ਼ ਤੇ ਬਹਿ ਗਏ। ਉਨ੍ਹਾਂ ਵਿੱਚੋਂ ਬਜ਼ੁਰਗ ਪਤਵੰਤਿਆਂ ਨੇ ਹਥ ਬੰਨ੍ਹ ਕੇ ਬੇਨਤੀ ਕੀਤੀ ਕਿ ਹਜ਼ੂਰ ਫਰਸ਼ ਉੱਤੇ ਕਿਉਂ ਸਜੇ ਹੋ, ਪਲੰਘ ਉੱਤੇ ਕਿਉਂ ਨਹੀਂ ਬੈਠੇ। ਗੁਰੂ ਸਾਹਿਬ ਨੇ ਕਿਹਾ ਕਿ ਤੁਸੀਂ ਸਾਰੇ ਬਜ਼ੁਰਗ ਹੋ ਅਤੇ ਗੁਰੂ ਨਾਨਕ ਦੇਵ ਜੀ ਦੀ ਸੰਤਾਨ ਹੋ। ਤੁਹਾਡਾ ਸਤਿਕਾਰ ਕਰਨਾ ਉਚਿੱਤ ਹੈ। ਉਨ੍ਹਾਂ ਬੇਨਤੀ ਕੀਤੀ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਥਾਂ ਹੋ ਅਤੇ ਅਸੀਂ ਸਾਰੇ ਤੁਹਾਡੇ ਸੇਵਕ ਅਤੇ ਹੁਕਮ ਪਾਲਕ ਹਾਂ। ਉਸੇ ਵੇਲੇ ਸਾਰੇ ਬੇਦੀ ਸਾਹਿਬਾਨ ਨੇ ਗੁਰੂ ਸਾਹਿਬ ਦੇ ਨੌਕਰਾਂ ਨੂੰ ਪਲੰਘ ਲਿਆਉਣ ਦਾ ਹੁਕਮ ਦਿੱਤਾ ਅਤੇ ਗੁਰੂ ਸਾਹਿਬ ਨੂੰ ਉਸ ਤੇ ਬਿਠਾ ਕੇ ਆਪ ਫ਼ਰਸ਼ ਤੇ ਬਹਿ ਗਏ। ਕਿਉਂਕਿ ਬੇਦੀ ਸਾਹਿਬ ਨੇ ਆਪਣੇ ਪਿਤਾ ਬਾਬਾ ਅਜੀਤ ਸਿੰਘ ਅਤੇ ਦਾਦਾ ਬਾਬਾ ਕਲਾਧਾਰੀ ਜੀ ਦੀ ਸ਼ਾਂਤੀ ਲਈ ਧਰਮ ਜਗ ਕਰਨਾ ਸੀ, ਇਸ ਲਈ ਦੇਹਰਾ ਸਾਹਿਬ ਦੇ ਸਾਰੇ ਬੇਦੀ, ਬਾਬਾ ਪਤਵੰਤ ਰਾਏ, ਬਾਬਾ ਜਾਗੀਰ ਚੰਦ ਅਤੇ ਦੀਵਾਨ ਪ੍ਰਧਾਨ ਸਿੰਘ ਆਪਣੇ ਇਤਬਾਰੀਆਂ ਨੂੰ ਹੁਕਮ ਦਿਤਾ ਕਿ ਜੱਗ ਦਾ ਸਾਰਾ ਸਾਮਾਨ ਤਿਆਰ ਕਰੋ। ਇਸ ਲਈ ਉਕਤ ਅਧਿਕਾਰੀਆਂ ਨੇ ਸਾਰਾ ਸਾਮਾਨ ਤਿਆਰ ਕੀਤਾ। ਵੰਨ ਸੁਵੰਨੀ ਹਜ਼ਾਰਾਂ ਮਣ ਮਿਠਾਈ ਤਿਆਰ ਕਰਵਾਈ, ਅਤੇ ਬਹੁਤ ਸਾਰਾ ਕੜਾਹ ਪ੍ਰਸ਼ਾਦ ਵੀ ਬਣਵਾਇਆ। ਇਸ ਲਈ ਸੰਮਤ 1862 ਮੁਤਾਬਿਕ ਸੰਨ 1805 ਈ. ਵਿਚ ਵੈਸਾਖੀ ਦੇ ਪਵਿਤਰ ਦਿਨ ਨੂੰ ਸਾਰੇ ਬੇਦੀ ਸਾਹਿਬਾਨ, ਸੰਤਾਂ, ਮਹੰਤਾਂ, ਸਿਖਾਂ ਸਰਦਾਰਾਂ ਅਤੇ ਬ੍ਰਾਹਮਣਾਂ, ਜੋ ਗੁਰੂ ਸਾਹਿਬ ਦੇ ਸੱਦੇ ਤੋਂ ਪਹਿਲਾਂ ਹੀ ਆ ਕੇ ਜਲਸੇ ਵਿਚ ਸ਼ਾਮਿਲ ਹੋ ਗਏ ਸਨ, ਵਿਚ ਮਿਠਾਈ ਅਤੇ ਕੜਾਹ ਪਰਸ਼ਾਦ ਵਰਤਾਇਆ। ਇਸ ਪ੍ਰਸੰਨਤਾ ਵਿਚ ਪੂਜਾ ਕਰਵਾਈ ਅਤੇ ਬਹੁਤ ਸਾਰੀ ਨਕਦੀ ਦੱਛਣਾ ਦੇ ਤੌਰ ਤੇ ਦਿੱਤੀ ਗਈ। ਦੂਰ ਨੇੜੇ ਦੇ ਇਲਾਕਿਆਂ ਤੋਂ ਆਏ ਗਰੀਬਾਂ ਨੂੰ ਇਤਨੀ ਮਾਇਆ ਅਤੇ ਮਿਠਾਈ ਦਿੱਤੀ ਕਿ ਉਹ ਰੱਜ ਗਏ ਅਤੇ ਗੁਰੂ ਸਾਹਿਬ ਦੇ ਗੁਣ ਗਾਉਂਦੇ ਵਾਪਸ ਗਏ। ਸਾਰੇ ਬੇਦੀ ਸਾਹਿਬਾਨ, ਸੰਤਾਂ ਅਤੇ ਮਹੰਤਾਂ ਨੇ ਸਰਬ ਸੰਮਤੀ ਨਾਲ ਬੇਦੀ ਸਾਹਿਬ ਨੂੰ ਗੁਰ ਗੱਦੀ ਉਤੇ ਬਹਾਕੇ ਤਿਲਕ ਲਾਉਣ ਦੀ ਤਿਆਰੀ ਕੀਤੀ। ਦਰਬਾਰ ਸਾਹਿਬ ਦਾ ਮਹੰਤ, ਕੁਲ ਪ੍ਰੋਹਤ ਅਤੇ ਸਿਆਣੇ ਬੇਦੀ ਸਾਹਿਬਾਨ ਨੇ ਬੇਦੀ ਸਾਹਿਬ ਨੂੰ ਪਲੰਗ ਤੇ ਬਿਠਾ ਕੇ ਮੱਥੇ ਉੱਤੇ ਕੇਸਰ ਦਾ ਟਿਕਾ ਲਾਇਆ ਅਤੇ ਇਕ ਨਰੇਲ ਅਤੇ ਪੰਜ ਪੈਸੇ ਗੁਰਿਆਈ ਦੀ ਨਿਸ਼ਾਨੀ ਬੇਦੀ ਸਾਹਿਬ ਦੇ ਪੱਲੇ ਵਿਚ ਪਾ ਦਿੱਤੇ। ਦਰਬਾਰ ਸਾਹਿਬ ਵਲੋਂ ਇਕ ਸਰੋਪਾ, ਨਗਾਰਾ ਅਤੇ ਨਿਸ਼ਾਨ ਮਿਲਿਆ। ਸਾਰੇ ਬੇਦੀ ਸਾਹਿਬਾਨ, ਮਹੰਤਾਂ ਸਰਦਾਰਾਂ, ਵਿਸ਼ਵਾਸੀ ਅਧਿਕਾਰੀਆਂ ਅਤੇ ਕੁੱਝ ਰਈਸਾਂ ਨੇ ਜਲਸੇ ਵਿਚ ਹਾਜ਼ਰ ਹੋ ਕੇ ਆਪਣੇ ਵਿਤ ਅਨੁਸਾਰ ਗੁਰੂ ਸਾਹਿਬ ਨੂੰ ਨਜ਼ਰਾਂ ਅਤੇ ਸਰੋਪਾ ਭੇਟਾ ਕੀਤੇ। ਸਾਹਮਣੇ ਬੈਠੇ ਗੁਰੂ ਸਾਹਿਬ ਨੇ ਦਰਬਾਰ ਸਾਹਿਬ ਵਿਚ ਜਾ ਕੇ ਬੜੀ ਭੇਟਾ ਚੜ੍ਹਾਈ ਅਤੇ ਕੜਾਹ ਪਰਸ਼ਾਦ ਵਰਤਾਇਆ। ਫੇਰ ਗੁਰੂ ਸਾਹਿਬ ਪਲੰਗ ਤੇ ਜਾ ਬਰਾਜੇ ਅਤੇ ਸਾਰੇ ਬੇਦੀ ਸਾਹਿਬਾਨ, ਸੰਤਾਂ ਮਹੰਤਾਂ ਅਤੇ ਸਰਦਾਰਾਂ ਆਦਿ ਨੂੰ ਗੁਰੂ ਸਾਹਿਬ ਨੇ ਸਰੋਪਾ ਬਖਸ਼ੇ। ਦੇਹਰਾ ਸਾਹਿਬ ਵਿਚ ਹਾਜ਼ਰ ਸਾਰੇ ਛੋਟੇ ਵੱਡੇ ਬੇਦੀ ਸਾਹਿਬਾਨ ਅਤੇ ਬਾਹਰੋਂ ਆਇਆਂ ਨੂੰ ਨਾਂ ਵਾਰ ਨਕਦ ਰੁਪਈਏ ਦਿੱਤੇ। ਸਾਰੇ ਸਰਦਾਰਾਂ ਇਤਬਾਰੀ ਅਧਿਕਾਰੀਆਂ ਅਤੇ ਰਈਸਾਂ ਨੂੰ ਉਨ੍ਹਾਂ ਦੀਆਂ ਪਦਵੀਆਂ ਦੇ ਅਨੁਕੂਲ ਸਰੋਪਾ ਅਤੇ ਪਰਸ਼ਾਦ ਦੇ ਕੇ ਵਿਦਾ ਕੀਤਾ ਅਤੇ ਗੁਰੂ ਸਾਹਿਬ ਆਪ ਦੇਹਰਾ ਸਾਹਿਬ ਤੋਂ ਚਲਕੇ ਊਧੋਵਾਲੀ ਪਹੁੰਚ ਗਏ। ਉਨ੍ਹਾਂ ਦਿਨਾਂ ਵਿਚ ਮਹਾਰਾਜਾ ਰਣਜੀਤ ਸਿੰਘ ਗੁਜਰਾਂਵਾਲਾ ਵਿਚ ਸਨ।

ਗੁਜਰਾਤ ਵਾਲਾ ਭੰਗੀ ਸਰਦਾਰ ਸਾਹਿਬ ਸਿੰਘ, ਅਹਿਮਦਾਬਾਦੀਆ ਦਲ ਸਿੰਘ, ਹੱਲੋਵਾਲੀਆ ਭਾਗ ਸਿੰਘ, ਵਜ਼ੀਰਾਬਾਦੀਆ ਜੋਧ ਸਿੰਘ, ਚੈਨਪੁਰੀਆ ਤਾਰਾ ਸਿੰਘ ਅਤੇ ਮਿਸਲਦਾਰ ਭਗਤਾ ਸਾਰੇ ਇਕੱਠੇ ਹੋ ਕੇ, ਮਹਾਰਾਜਾ ਰਣਜੀਤ ਸਿੰਘ ਦੇ ਵਿਰੁਧ ਰੱਤਾ ਝਟੋਲਾਂ ਦੇ ਮੈਦਾਨ ਵਿਚ, ਜੋ ਗੁਜਰਾਂਵਾਲਾ ਤੋਂ ਐਮਨਾਬਾਦ ਵਲ ਪੰਜ ਕੋਹ ਤੇ ਸਥਿਤ ਹੈ, ਟਾਕਰਾ ਕਰਨ ਲਈ ਤਿਆਰ ਖੜੇ ਸਨ। ਸੁਣਿਆ ਜਾਂਦਾ ਹੈ ਕਿ ਵਿਰੋਧੀ ਫ਼ੌਜ ਨੂੰ ਆਟੇ ਅਤੇ ਮਹਾਰਾਜਾ ਸਾਹਿਬ ਦੀ ਫ਼ੌਜ ਨੂੰ ਲੂਣ ਦੀ ਥੁੜ ਸੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੱਸ ਸਦਾ ਕੌਰ ਨੂੰ ਗੁਰੂ ਸਾਹਿਬ ਤੋਂ ਸਹਾਇਤਾ ਅਤੇ ਵਰ ਪ੍ਰਾਪਤ ਕਰਨ ਹਿਤ ਭੇਜਿਆ। ਉਹ ਊਧੋਵਾਲੀ ਗਈ ਅਤੇ ਗੁਰੂ ਸਾਹਿਬ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਹੁਣ ਤੁਹਾਡੇ ਸੇਵਕ ਦੀ ਸਹਾਇਤਾ ਕਰਨ ਦਾ ਅਵਸਰ ਹੈ। ਗੁਰੂ ਸਾਹਿਬ ਮਹਾਰਾਜਾ ਰਣਜੀਤ ਸਿੰਘ ਦੀ ਬੇਨਤੀ ਸਦਾ ਕੌਰ ਦੇ ਮੂੰਹੋਂ ਸੁਣਕੇ ਆਪਣੀ ਫ਼ੌਜ ਸਹਿਤ ਸਵਾਰ ਹੋਏ ਅਤੇ ਦੋਵੇਂ ਫ਼ੌਜਾਂ ਦੇ ਵਿਚਕਾਰ ਜੰਗ ਦੇ ਮੈਦਾਨ ਵਿਚ ਢੱਠੇ ਬੁਰਜ ਦੇ ਟਿੱਲੇ ਉੱਤੇ, ਜੋ ਸ਼ਾਇਦ ਪਹਿਲਾਂ ਚੱਕ ਦਾਦਨ ਪਿੰਡ ਦਾ ਸੀ, ਜਾ ਉਤਰੇ। ਉਸ ਸਮੇਂ ਗੁਰੂ ਸਾਹਿਬ ਕੋਲ ਇਕ ਹਜ਼ਾਰ ਸਵਾਰ ਅਤ ਚਾਰ ਹਜ਼ਾਰ ਪੈਦਲ ਸਿਪਾਹੀ ਸਨ। ਗੁਰੂ ਸਾਹਿਬ ਦੇ ਉਥੇ ਅੱਪੜਨ ਤੋਂ ਦੋਹਾਂ ਪਾਸਿਆਂ ਤੋਂ ਤੀਰ ਚਲਣੇ ਬੰਦ ਹੋ ਗਏ। ਗੁਰੂ ਸਾਹਿਬ ਨੈਤਿਕ ਕਾਰਜ ਕਰਮ ਅਨੁਸਾਰ ਤੀਜੇ ਪਹਿਰ ਦੇ ਦੀਵਾਨ ਸਜਣ ਲੱਗੇ ਅਤੇ ਸਬਦ ਕੀਰਤਨ ਹੋਣ ਲੱਗਾ। ਕੜਾਹ ਪਰਸ਼ਾਦ ਤਿਆਰ ਹੋ ਕੇ ਵਰਤਣ ਲਗਾ। ਦੀਵਾਨ ਵਿਚ ਸਰਦਾਰ ਸਾਹਿਬ ਸਿੰਘ, ਦਲ ਸਿੰਘ, ਜੋਧ ਸਿੰਘ, ਹੋਰ ਸਰਦਾਰ ਅਫ਼ਸਰ ਅਤੇ ਮਿਸਲਦਾਰ ਹਾਜ਼ਰ ਹੋਏ। ਸਤਿਕਾਰ ਅਤੇ ਨਮਸ਼ਕਾਰ ਕਰਨ ਉਪਰੰਤ ਸਾਰਿਆਂ ਨੇ ਇਕੱਠੇ ਹੋ ਕੇ ਸਨਿਮਰ ਬੇਨਤੀ ਕੀਤੀ ਕਿ ਹਜ਼ੂਰ ਸਾਰੇ ਸਿਖਾਂ ਅਤੇ ਸੇਵਕਾਂ ਦੇ ਗੁਰੂ ਹਨ ਅਤੇ ਪੂਜਨੀਕ ਵੀ। ਆਪ ਲਈ ਸਾਰੇ ਸੇਵਕ ਪੁੱਤਰ ਸਮਾਨ ਹਨ। ਇਸ ਲਈ ਹਜ਼ੂਰ ਕਿਸੇ ਵੀ ਫਰੀਕ ਦੀ ਸਹਾਇਤਾ ਨਾ ਕਰੋ। ਇਹ ਥਾਂ ਜੋ ਯੁੱਧ ਸਥਾਨ ਹੈ, ਤੋਂ ਆਪਣਾ ਡੇਰਾ ਚੁਕਕੇ ਦੋਹਾਂ ਧਿਰਾਂ ਤੋਂ ਇਕ ਪਾਸੇ ਹੋ ਕੇ ਜੰਗ ਦਾ ਤਮਾਸ਼ਾ ਵੇਖੋ।

ਉਕਤ ਸਰਦਾਰਾਂ ਦੀ ਬੇਨਤੀ ਨੂੰ ਸੁਣ ਕੇ ਗੁਰੂ ਸਾਹਿਬ ਨੇ ਫਰਮਾਇਆ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਨੂੰ ਸਾਰੇ ਸਿਖ ਅਤੇ ਸੇਵਕ ਬਰਾਬਰ ਹਨ ਅਤੇ ਉਹ ਸਾਡੇ ਪੁੱਤਰਾਂ ਦੇ ਤੁੱਲ ਹਨ। ਕਿਸੇ ਪਿਤਾ ਦਾ ਇਹ ਮਨਸ਼ਾ ਨਹੀਂ ਹੁੰਦਾ ਕਿ ਉਸ ਦੇ ਪੁੱਤਰ ਲੜ ਮਰਨ ਅਤੇ ਖਰਾਬ ਹੋਣ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਤੁਹਾਡੀ ਅਤੇ ਰਣਜੀਤ ਸਿੰਘ ਦੀ ਆਪਸ ਵਿਚ ਸੁਲਾਹ ਅਤੇ ਮੇਲ ਜੋਲ ਹੋ ਜਾਏ ਅਤੇ ਦੋਹਾਂ ਪਾਸਿਆਂ ਤੋਂ ਪਰਮਾਤਮਾ ਦੇ ਬੰਦਿਆਂ ਦਾ ਅਜਾਈਂ ਖੂਨ ਨਾ ਵਹੇ। ਉਨ੍ਹਾਂ ਬੇਨਤੀ ਕੀਤੀ ਕਿ ਆਰੰਭ ਤੋਂ ਹੀ ਸਾਡਾ ਸਰਦਾਰ ਮਹਾਂ ਸਿੰਘ ਨਾਲ ਵੈਰ ਵਿਰੋਧ ਚਲਿਆ ਆ ਰਿਹਾ ਹੈ। ਰਣਜੀਤ ਸਿੰਘ ਵੀ ਵੈਰ ਅਤੇ ਝਗੜਾ ਰਖਦਾ ਹੈ, ਇਸ ਲਈ ਹੁਣ ਅਸੀਂ ਉਸ ਨੂੰ ਜਿੰਦਾ ਨਹੀਂ ਛੱਡਾਂਗੇ। ਗੁਰੂ ਸਾਹਿਬ ਨੇ ਸਰਦਾਰ ਸਾਹਿਬ ਸਿੰਘ ਨੂੰ ਸੰਬੋਧਨ ਕਰਕੇ ਕਿਹਾ ਕਿ ਰਣਜੀਤ ਸਿੰਘ ਤੇਰੇ ਸਾਲੇ ਦਾ ਪੁਤਰ ਹੈ ਤੁਹਾਨੂੰ ਉਚਿਤ ਹੈ ਕਿ ਉਸਨੂੰ ਆਪਣੇ ਪੁੱਤਰ ਗੁਲਾਬ ਸਿੰਘ ਜਿਹਾ ਸਮਝੋ ਅਤੇ ਦਿਲੋਂ ਵੈਰ ਦੂਰ ਕਰ ਦਿਓ। ਦਲ ਸਿੰਘ ਨੂੰ ਕਿਹਾ ਕਿ ਤੁਸੀਂ ਸਰਦਾਰ ਮਹਾਂ ਸਿੰਘ ਦੇ ਮਾਮੇ ਹੋ ਅਤੇ ਰਣਜੀਤ ਸਿੰਘ ਤੁਹਾਡੇ ਦੋਹਤ੍ਰੇ ਜਿਹਾ ਹੈ, ਉਸ ਨਾਲ ਲੜਨਾ ਯੋਗ ਨਹੀਂ। ਦਲ ਸਿੰਘ ਨੇ ਅੱਖਾਂ ਵਿਚ ਹੰਝੂ ਭਰ ਕੇ ਕਿਹਾ ਕਿ ਭਾਵੇਂ ਰਣਜੀਤ ਸਿੰਘ ਮੇਰਾ ਦੋਹਤ੍ਰਾ ਹੈ ਅਤੇ ਪੁਤਰ ਜਿਹਾ ਹੈ, ਪਰ ਬੜਾ ਨਿਰਦਈ ਅਤੇ ਪੱਥਰ ਚਿਤ ਹੈ। ਸਰਦਾਰ ਨੇ ਸਾਰੇ ਦਰਬਾਰ ਦੇ ਅੱਗੇ ਆਪਣੇ ਕੱਪੜੇ ਲਾਹ ਕੇ ਆਪਣਾ ਸਰੀਰ ਵਿਖਾਇਆ ਅਤੇ ਕਿਹਾ ਕਿ ਉਸ ਨਿਰਦਈ ਨੇ ਮੈਨੂੰ ਛਟੀਆਂ ਨਾਲ ਏਨਾ ਕੁਟਵਾਇਆ ਕਿ ਸੱਟਾਂ ਦੇ ਨਿਸ਼ਾਨ ਹੁਣ ਤੀਕ ਮੇਰੇ ਸਰੀਰ ਤੇ ਵਿਖਾਈ ਦਿੰਦੇ ਹਨ। ਮੈਨੂੰ ਤਾਂ ਉਸ ਦੇ ਨਾਂ ਤੋਂ ਡਰ ਆਉਂਦਾ ਹੈ, ਉਸ ਦੇ ਖਿਆਲ ਤੋਂ ਕ੍ਰੋਧ ਚੜ੍ਹ ਜਾਂਦਾ ਹੈ ਅਤੇ ਸਰੀਰ ਦੇ ਰੋਮ ਖੜੇ ਹੋ ਜਾਂਦੇ ਹਨ। ਮੇਰੇ ਵਿਚਾਰ ਵਿਚ ਉਹ ਤਰਸ ਕਰਨ ਦੇ ਯੋਗ ਨਹੀਂ, ਸਗੋਂ ਸਖਤ ਦੰਡ ਦਾ ਭਾਗੀ ਹੈ। ਗੁਰੂ ਸਾਹਿਬ ਨੇ ਕਿਹਾ ਕਿ ਇਸ ਵਿਚ ਕੋਈ ਸ਼ਕ ਨਹੀਂ ਕਿ ਉਸ ਨੂੰ ਇਹ ਗਲ ਸੋਭਦੀ ਨਹੀਂ ਸੀ, ਸਗੋਂ ਤੁਹਾਨੂੰ ਆਪਣੇ ਸਨਮਾਨਯੋਗ ਦਾਦੇ ਦੇ ਤੁੱਲ

ਸਮਝਦਾ, ਪਰ ਜੇਕਰ ਉਸ ਤੋਂ ਬਚਪਨ ਵਿਚ ਕੋਈ ਅਪਰਾਧ ਹੋ ਗਿਆ, ਤਾਂ ਉਸ ਨੂੰ ਯਤੀਮ ਅਤੇ ਬੱਚਾ ਜਾਣਕੇ ਮੁਆਫ਼ ਕਰਨਾ ਚਾਹੀਦਾ ਹੈ, ਤੁਸੀਂ ਉਸ ਦੇ ਬਜ਼ੁਰਗ ਹੋ । ਸਾਡੇ ਹੁਕਮ ਤੋਂ ਮਗਰੋਂ ਅਗੇ ਨੂੰ ਤੁਹਾਡੇ ਨਾਲ ਕਿਸੇ ਪ੍ਰਕਾਰ ਦਾ ਫ਼ਰਕ ਨਹੀਂ ਰਖੇਗਾ । ਜਦ ਦਰਬਾਰ ਵਿਚ ਇਸ ਤਰ੍ਹਾਂ ਦੇ ਪ੍ਰਸ਼ਨ ਉੱਤਰ ਹੋ ਰਹੇ ਸਨ, ਤਾਂ ਮਾਈ ਸਦਾ ਕੌਰ ਨੇ ਰਣਜੀਤ ਸਿੰਘ ਨੂੰ ਕਿਹਾ ਕਿ ਛੇਤੀ ਹੀ ਬੇਦੀ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋ ਕੇ ਹੱਥ ਬੰਨ੍ਹ ਕੇ ਖੜੇ ਜਾਓ । ਸਾਹਿਬ ਸਿੰਘ ਅਤੇ ਦਲ ਸਿੰਘ ਤੁਹਾਡੇ ਬਜ਼ੁਰਗ ਹਨ । ਜੇ ਹਜ਼ੂਰ ਬੇਦੀ ਸਾਹਿਬ ਤੁਹਾਨੂੰ ਉਨ੍ਹਾਂ ਦੀ ਇੱਜ਼ਤ ਅਤੇ ਸਤਕਾਰ ਕਰਨ ਲਈ ਕਹਿਣ ਤਾਂ ਨਾਂਹ ਨਾ ਕਰਨਾ । ਉਸੇ ਵੇਲੇ ਮਹਾਰਾਜਾ ਰਣਜੀਤ ਸਿੰਘ ਘੋੜੀ ਤੇ ਸਵਾਰ ਹੋ ਕੇ ਇਕੱਲਾ ਹੀ ਹਜ਼ੂਰ ਦੇ ਡੇਹਰੇ ਵਿਚ ਆਇਆ । ਹਜ਼ੂਰ ਨੇ ਮਹਾਰਾਜ ਨੂੰ ਦੂਰੋਂ ਦੇਖ ਕੇ, ਆਪਣੇ ਖਾਸ ਨੌਕਰ ਮਹਾਂ ਸਿੰਘ ਸੈਣੀ ਨੂੰ, ਜੋ ਫ਼ਰਸ਼ ਦੇ ਇਕ ਪਾਸੇ ਘੋੜੇ ਤੇ ਚੜ੍ਹਿਆ ਖੜਿਆ ਸੀ, ਇਸ਼ਾਰਾ ਕੀਤਾ । ਉਸ ਨੇ ਉਸ ਵਲ ਆਪਣਾ ਘੋੜਾ ਅਜਿਹਾ ਛੇੜਿਆ ਕਿ ਉਹ ਫ਼ੌਜ ਜੋ ਚਾਰੇ ਪਾਸੇ ਖੜੀ ਸੀ, ਏਸਰ ਓਧਰ ਹੋ ਗਈ ਅਤੇ ਰਾਹ ਬਣ ਗਿਆ । ਮਹਾਰਾਜ ਰਣਜੀਤ ਸਿੰਘ ਵੀ ਘੋੜੀ ਤੇ ਚੜ੍ਹਿਆ ਚੜ੍ਹਾਇਆ ਉਸੇ ਰਾਹ ਵਿਚੋਂ ਲੰਘ ਆਇਆ ਅਤੇ ਫ਼ਰਾਸ਼ ਜ਼ਿਮੀਂਦਾਰ ਨੇ ਘੋੜੀ ਫੜ ਲਈ । ਰਣਜੀਤ ਸਿੰਘ ਨੇ ਹਾਜ਼ਰ ਹੋ ਕੇ ਬੇਦੀ ਸਾਹਿਬ ਦੇ ਚਰਨਾਂ ਵਿਚ ਮੱਥਾ ਟੇਕਿਆ ਅਤੇ ਆਪਣੇ ਗਾਤਰੇ ਵਿਚੋਂ ਤਲਵਾਰ ਕੱਢ ਕੇ ਹਜ਼ੂਰ ਦੇ ਸਾਹਮਣੇ ਰੱਖ ਦਿੱਤੀ ਅਤੇ ਹੱਥ ਜੋੜ ਕੇ ਅੱਗੇ ਖੜਾ ਹੋ ਗਿਆ । ਪਹਿਲਾਂ ਹਜ਼ੂਰ ਨੇ ਉਸ ਨੂੰ ਯੋਗ ਹੁਕਮਾਂ ਦੀ ਸੂਚਨਾ ਦਿੱਤੀ ਕਿ ਸਰਦਾਰ ਸਾਹਿਬ ਸਿੰਘ ਅਤੇ ਦਲ ਸਿੰਘ ਤੁਹਾਡੇ ਬਜ਼ੁਰਗ ਹਨ, ਇਸ ਲਈ ਯੋਗ ਹੈ ਕਿ ਤੁਸੀਂ ਉਨ੍ਹਾਂ ਤੋਂ ਆਪਣੇ ਅਪਰਾਧ ਮੁਆਫ਼ ਕਰਵਾਓ । ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਉਨ੍ਹਾਂ ਸਰਦਾਰਾਂ ਵੱਲ ਮੂੰਹ ਕਰਕੇ ਕਿਹਾ ਕਿ ਆਪ ਬਜ਼ੁਰਗ ਹੋ ਅਤੇ ਮੈਂ ਬੱਚਾ ਹਾਂ, ਜੇ ਮੈਥੋਂ ਕੋਈ ਅਪਰਾਧ ਹੋ ਗਿਆ ਹੈ ਤਾਂ ਮੈਨੂੰ ਮੁਆਫ਼ ਕਰੋ । ਗੁਰੂ ਸਾਹਿਬ ਨੇ ਸਾਰੇ ਸਰਦਾਰਾਂ ਨੂੰ ਕਿਹਾ ਕਿ ਤੁਸੀਂ ਆਪਣੇ ਹੱਥੀਂ ਤਲਵਾਰ ਚੁਕ ਕੇ ਉਸ ਦੇ ਗਾਤਰੇ ਵਿਚ ਪਾ ਦਿਓ ਅਤੇ ਅੱਗੇ ਨੂੰ ਆਪਸ ਵਿਚ ਸੁਲਾਹ ਸਫ਼ਾਈ ਰੱਖੋ, ਪਰ ਉਹ ਸਰਦਾਰ ਚੁਪ ਰਹੇ ਅਤੇ ਗੁਰੂ ਸਾਹਿਬ ਦੇ ਹੁਕਮ ਦੀ ਪਾਲਨਾ ਨਾ ਕੀਤੀ । ਜਦ ਗੁਰੂ ਸਾਹਿਬ ਨੇ ਵੇਖਿਆ ਕਿ ਇਹ ਸਰਦਾਰ ਵਾਰ ਵਾਰ ਹੁਕਮ ਦੇਣ ਤੇ ਵੀ ਪਾਲਨਾ ਨਹੀਂ ਕਰਦੇ ਤਾਂ ਉਨ੍ਹਾਂ ਰਣਜੀਤ ਸਿੰਘ ਨੂੰ ਹੁਕਮ ਦਿੱਤਾ ਕਿ ਹੇ ਪੁੱਤਰ, ਤੂੰ ਇਸ ਤਲਵਾਰ ਨੂੰ ਚੁਕ ਕੇ ਆਪ ਹੀ ਆਪਣੇ ਗਾਤਰੇ ਵਿਚ ਪਾ ਲੈ ਅਤੇ ਇਨ੍ਹਾਂ ਸਰਦਾਰਾਂ ਵਿਚੋਂ ਜੋ ਕੋਈ ਤੁਹਾਡੇ ਵੱਲ ਭੈੜੀ ਨਜ਼ਰ ਨਾਲ ਵੀ ਵੇਖੇਗਾ, ਉਸ ਨੂੰ ਅਸੀਂ ਸਮਝ ਲਵਾਂਗੇ । ਮਹਾਰਾਜਾ ਨੇ ਹੱਥ ਬੰਨ੍ਹਕੇ ਬੇਨਤੀ ਕੀਤੀ ਕਿ ਹਜ਼ੂਰ ਆਪਣੇ ਪਵਿਤਰ ਹਥਾਂ ਨਾਲ ਹੀ ਮੇਰੇ ਗਾਤਰੇ ਵਿਚ ਤਲਵਾਰ ਪਾਉਣ ਦੀ ਕਿਰਪਾ ਕਰੋ । ਉਸੇ ਵੇਲੇ ਗੁਰੂ ਸਾਹਿਬ ਨੇ ਆਪ ਤਲਵਾਰ ਚੁਕ ਕੇ ਮਹਾਰਾਜੇ ਦੇ ਗਾਤਰੇ ਵਿਚ ਸਜਾ ਦਿੱਤੀ ਅਤੇ ਆਪਣੇ ਮੁਖਾਰ ਬਿੰਦ ਤੋਂ ਫ਼ਰਮਾਇਆ :

"ਸੱਤੇ ਗਹਿਣੇ ਭੰਨ ਕੇ ਇਕ ਹੱਸ ਘੜਾਇਆ"

ਭਾਵ ਨਿੱਕੇ ਨਿਕੇ ਗਹਿਣੇ ਤੋੜ ਕੇ ਇਕ ਹੱਸ ਬਣਵਾ ਲਿਆ ਅਰਥਾਤ ਦੇਸ ਦੇ ਸਾਰੇ ਸਰਦਾਰਾਂ ਅਤੇ ਰਈਸਾਂ ਨੂੰ ਨਿਕੰਮੇ ਅਤੇ ਰੱਦੀ ਸਮਝਕੇ ਤੁਹਾਨੂੰ ਸਾਰਿਆਂ ਤੋਂ ਵੱਡਾ ਕੀਤਾ । ਉਨ੍ਹਾਂ ਉੱਚੇ ਕਿਹਾ ਕਿ ਹੇ ਸਰਦਾਰੋ, ਤੁਸੀਂ ਸਾਡੇ ਹੁਕਮ ਦੀ ਪਾਲਨਾ ਨਹੀਂ ਕੀਤੀ, ਤੁਸੀਂ ਸਾਰੇ ਬਿਖਰ ਜਾਉਗੇ, ਤੁਹਾਡੇ ਸਾਰੇ ਇਲਾਕਿਆਂ ਅਤੇ ਜਾਗੀਰਾਂ ਉੱਤੇ ਇਸ ਦਾ ਅਧਿਕਾਰ ਹੋਵੇਗਾ । ਤੁਹਾਡੀ ਉਲਾਦ ਇਸ ਦੇ ਮਗਰ ਮਗਰ ਫਿਰੇਗੀ । ਗੁਰੂ ਸਾਹਿਬ ਨੇ ਕੜਕਵੀਂ ਆਵਾਜ਼ ਵਿਚ ਕਿਹਾ ਕਿ ਜਿਸ ਵਿਚ ਤਾਣ ਹੈ ਆਵੇ ਅਤੇ ਤਲਵਾਰ ਕੱਢੇ । ਗੁਰੂ ਸਾਹਿਬ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਸਾਰੇ ਸ[illegible]ਾਰ ਚੁੱਪ ਹੋ ਗਏ, ਸਗੋਂ ਸਰਦਾਰ ਸਾਹਿਬ ਸਿੰਘ ਭੰਗੀ ਤਾਂ ਉਠ ਕੇ ਆਪਣੇ ਡੇਰੇ ਚਲਾ ਗਿਆ । ਗੁਰੂ ਸਾਹਿਬ ਵੀ ਤੰਬੂ ਵਿਚ, ਜੋ ਉਥੋਂ ਨੇੜੇ ਹੀ ਸੀ, ਚਲੇ ਗਏ । ਮਹਾਰਾਜਾ ਸਾਹਿਬ ਵੀ ਹਜ਼ੂਰ ਨਾਲ ਹੀ ਆਏ । ਹੁਣ ਦੋ ਦਿਨ ਬਾਕੀ ਸੀ, ਮਹਾਰਾਜਾ ਸਾਹਿਬ ਨੇ ਆਪਣੀ ਫ਼ੌਜ ਨੂੰ ਹਜ਼ੂਰ ਦੀ ਹਾਜ਼ਰੀ ਵਿਚ ਰਹਿਣ ਦਾ ਹੁਕਮ ਦਿ

ਸਿੰਘ ਮਰਾਲੀ ਵਾਲਾ, ਨੌਧ ਸਿੰਘ ਪਾਲਕ ਸਰਦਾਰ ਮਹਾ ਸਿੰਘ, ਫਤਹਿ ਸਿੰਘ ਧਾਰੀ ਅਤੇ ਹੋਰ ਅਫ਼ਸਰ, ਫ਼ੌਜ ਸਹਿਤ ਹਾਜ਼ਰ ਹੋਏ ਅਤੇ ਗੁਰੂ ਸਾਹਿਬ ਦੇ ਨਜ਼ਰਾਂ ਪੇਸ਼ ਕੀਤੀਆਂ। ਉਸੇ ਸਮੇਂ ਮਾਈ ਸਦਾ ਕੌਰ ਹਾਜ਼ਰ ਹੋਈ ਅਤੇ ਮਹ ਦ'ਮਾ ਨਾਲ ਸਲਾਹ ਕਰਕੇ ਚਪੜਾਲ ਦਾ ਇਲਾਕਾ, ਜੋ ਜੰਮੂ ਦੀ ਹਦ ਨਾਲ ਲਗਦਾ ਅਤੇ ਮਹਾਰਾਜਾ ਸਾਹਿਬ ਦੇ ਕਬ[illegible] ਵਿਚ ਸੀ, ਅਤੇ ਬਹੁਮੁੱਲੇ ਸਮਾਨ ਸਹਿਤ ਗੁਰੂ ਸਾਹਿਬ ਨੂੰ ਭੇਟਾ ਕਰ ਦਿੱਤਾ। ਗੁਰੂ ਸਾਹਿਬ ਨੇ ਸਵੀਕਾਰ ਕਰਕੇ ਮਹਾਰਾਜਾ ਸਾਹਿਬ, ਮਾਈ ਸਦਾ ਕੌਰ ਅਤੇ ਇਤਬਾਰੀ ਅਧਿਕਾਰੀਆਂ ਨੂੰ ਸਰੋਪਾ ਦਿਤੇ। ਦੂਜੇ ਦਿਨ ਸਰਦਾਰ ਸਾਹਿਬ ਸਿੰਘ ਭੰਗੀ ਗੁਜਰਾਤ ਵੱਲ ਚਲਾ ਗਿਆ। ਸਰਦਾਰ ਭਾਗ ਸਿੰਘ ਹਲੋਵਾਲ ਅਤੇ ਸਰਦਾਰ ਚੇਨ ਸਿੰਘ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਏ। ਦੋਹਾਂ ਨੇ ਇਕ ਇਕ ਘੋੜਾ ਹਜ਼ੂਰ ਦੀ ਸੇਵਾ ਵਿਚ ਪੇਸ਼ ਕਰਕੇ ਉਨ੍ਹਾਂ ਕੋਲ ਰਹੇ। ਮਹਾਰਾਜਾ ਸਾਹਿਬ ਗੁਰੂ ਸਾਹਿਬ ਪਾਸੋਂ ਵਿਦਾ ਹੋ ਕੇ ਗੁਜਰਾਂਵਾਲਾ ਅਤੇ ਰਾਮਨਗਰ ਨੂੰ ਚਲੇ ਗਏ।

❖

# ਧੰਨ ਧੰਨ ਬਾਬਾ ਸਾਹਿਬ ਸਿੰਘ ਜੀ

(ਕਰਤਾ 'ਸੋਹੀ' ਨਾਭਾ)

ਦੋਹਰਾ— ਨਮਸਕਾਰ ਗੁਰਦੇਵ ਕੋ ਕਰੂੰ ਮੈਂ ਹਿਤ ਚਿਤ ਲਾਇ।
ਪੁੰਨ ਕ੍ਰਿਪਾਨ ਖੰਡੋ ਖੜਗ ਹਮਰੀ ਕਰੋ ਸਹਾਇ।

ਕਬਿੱਤ— ਧੰਨ ਧੰਨ ਧੰਨ ਧੰਨ ਗੁਰੂ ਸਾਹਿਬ ਸਿੰਘ ਜੀਓ, ਮਹਾਰਾਜ ਧੰਨ ਧੰਨੁ ਆਪ ਦੀਆਂ ਕਮਾਈਆਂ।
ਜਿਧਰ ਵੀ ਗਏ ਆਪ ਵਿਜੈ ਸੰਗ ਸਾਥ ਰਹੀ, ਪੂਰਬ ਪਹਾੜ ਵਿਖੇ ਸਾਰੇ ਧੁੰਮਾਂ ਪਾਈਆਂ।
ਸੁੱਕੇ ਪੱਤੇ ਵਾਂਗ ਵੈਰੀ ਚੂਰ ਚੂਰ ਹੋਏ ਸੱਭ, ਪਹਿਲਾਂ ਨੱਠ ਉਠੇ ਜਦੋਂ ਸੁਣੀਆਂ ਚੜ੍ਹਾਈਆਂ।
ਹੰਸ ਬੇਦੀ ਕੁੱਲ ਅਵਤੰਸ ਸਦਾ ਖਿਲੇ ਹੋਏ, ਸਿੱਖੀ ਦੀਆਂ ਜੜਾਂ ਜਾ ਪਤਾਲ ਤੁਸਾਂ ਲਾਈਆਂ।
ਓਨੇ ਦਾ ਘਰਾਣਾ ਭਲਾ ਊਣਾ ਕਿਵੇਂ ਰਹਿ ਸਕੇ, ਮਿਹਰਾਂ ਸੱਚੇ ਪਾਤਸ਼ਾਹ ਦੀਆਂ ਦੁਆਲੇ ਹੈਨ ਛਾਈਆਂ।
ਬਣਿਆ ਤਹਿਸੀਲੋਂ ਜ਼ਿਲਾ ਕਿਲ੍ਹਾ ਦਿਸੇ ਦੂਰ ਤੋਂ ਹੀ, ਸਭੇ ਮਹਾਰਾਜ ਇਹ ਆਪ ਦੀਆਂ ਵਡਿਆਈਆਂ।
ਡਿਪਟੀ ਤਹਿਸੀਲਦਾਰ ਥਾਣੇਦਾਰ ਪਹਿਰੇਦਾਰ, ਸਭਨਾਂ ਨੇ ਆ ਕੇ ਹਨ ਕਚਹਿਰੀਆਂ ਲਗਾਈਆਂ।
ਸਭ ਪ੍ਰਤਾਪ ਮਹਾਰਾਜ ਸਾਹਿਬ ਸਿੰਘ ਜੀ ਦਾ, ਬੇਦੀ ਕੁੱਲ ਭਾਨੁ ਦੀਆਂ ਹੈਨ ਰੁਸ਼ਨਾਈਆਂ।
ਦਮਦਮੇ ਤੇਰੇ ਦੂਰ ਨੇੜੇ ਮਸ਼ਹੂਰ ਸਾਰੇ, ਸੰਗਤਾਂ ਨੇ ਆਣ ਕੇ ਮੁਰਾਦਾਂ ਇਥੇ ਪਾਈਆਂ।
ਤੇਰੇ ਦੁਆਰੇ ਆ ਕੇ ਝੋਲੀ ਭਰ ਜਾਂਦੀ ਖੁਸ਼ੀ ਨਾਲ, ਜਦੋਂ ਤੇਰੇ ਸਿੱਖਾਂ ਦੀਆਂ ਧੂੜਾਂ ਮਥੇ ਲਾਈਆਂ।
ਕਦੇ ਸੰਗਰਾਂਦ ਕਦੇ ਦਸਮੀ ਦੇ ਜੋੜ ਮੇਲ, ਮਸਿਆ ਅਤੇ ਪੁੰਨਿਆਂ ਬਹਾਰਾਂ ਨੇ ਬਣਾਈਆਂ।
ਧੰਨ ਧੰਨ ਧੰਨ ਗੁਰੂ ਸਾਹਿਬ ਸਿੰਘ ਜੀਓ ਧੰਨ, ਆਪ ਜੀ ਹੋ ਧੰਨ ਅਤੇ ਆਪ ਦੀਆਂ ਕਮਾਈਆਂ।
'ਸੋਹੀ' ਦਰਬਾਰ ਤੇਰੇ ਆ ਗਿਆ ਸਬੱਬ ਨਾਲ, ਮੇਹਰ ਦੀ ਨਜ਼ਰ ਰੱਖ ਮਿਹਰਾਂ ਦਿਆ ਸਾਈਆਂ।
ਭਾਗ ਮਨਸੂਰਾਂ ਦੇ ਭਰੇ ਹੀ ਰਹਿਣ ਨੂਰਾਂ ਨਾਲ, ਸ਼ਬਦਾਂ ਦੀਆਂ ਸੰਗਤਾਂ ਨੇ ਧੁਨਾਂ ਜਦੋਂ ਲਾਈਆਂ।
ਸਦਾ ਗੁਰਪੁਰਬ ਮਨਾਏ ਜਾਣ ਜ਼ੋਰ ਨਾਲ, ਸ਼ਰਧਾ ਭਰੋਸੇ ਨਾਲ ਸੰਗਤਾਂ ਜੋ ਆਈਆਂ।
ਬੇਦੀ ਕੁਲ ਮਹਾਰਾਜ ਸਾਹਿਬ ਸਿੰਘ ਸਾਹਿਬ ਮੇਰੇ, ਆਪ ਜੀ ਦੀਆਂ ਮਿਹਰਾਂ ਹੋਣ ਦੂਣ ਤੇ ਸਵਾਈਆਂ।



ਅਜਨੀ

# ਗੁਰੂ ਨਾਨਕ ਜੀ ਦਾ ਵਿਆਹ

## (ਜਨਮਸਾਖੀ ਮਿਹਰਬਾਨ ਜੀ ਸੋਢੀ)

(ਸੰਪਾਦਕ ਪ੍ਰੋ. ਕਿਰਪਾਲ ਸਿੰਘ ਜੀ)

### ਗੋਸਟਿ ਗੁਰੂ ਬਾਬੇ ਨਾਨਕ ਜੀ ਕੀ

ਜਦ ਪੰਦਰਹ ਸੋਲਹ ਬਰਸਾਂ ਕਾ ਹੋਆ, ਰਾਇ ਭੋਏ ਕੀ ਤਲਵੰਡੀ ਗੁਰੂ ਬਾਬਾ ਨਾਨਕੁ ਥਾ। ਤਬ ਗੁਰੂ ਬਾਬੇ ਨਾਨਕ ਜੀ ਦੀ ਕੁੜਮਾਈ ਆਈ ਵਟਾਲੇ ਤੇ, ਮੂਲੇ ਚੋਣੇ ਭੇਜੀ ਕੁੜਮਾਈ ਬੇਟੀ ਦੀ ਕਾਲੂ ਵੇਦੀ ਚੇ ਪੁਤ੍ਰ ਨੋ—ਨਾਨਕ ਕਉ ਕੁੜਮਾਈ, ਵੈਸਾਖੀ ਦੇ ਦਿਨਿ ਕੁੜਮਾਈ ਆਈ ਸੰਮਤੁ ੧੫੪੨, ਵਰਖੇ ਮਾਹੁ ਵੈਸਾਖ ਵਦੀ ੧ ਏਕਮ ਕੈ ਦਿਨਿ, ਨਲੀਏਰੁ ਰੁਪਯਾ ਕਟੋਰਾ ਮੂਲੇ ਚੋਣੇ ਭੇਜਿਆ, ਮੂਲੇ ਚੋਣੇ ਦੇ ਪੁਰੋਹਤਿ ਗੁਰੂ ਬਾਬੇ ਨਾਨਕ ਜੀ ਦੀ ਝੋਲੀ ਪਾਇਆ ਨਲੇਰ, ਨਾਲੇ ਗੁਰੂ ਬਾਬੇ ਜੀ ਕਾ ਪਿਤੀਅਹੁਰਾ ਥਾ ਨਾਲੇ ਸਾਹਾ ਗਣਾਇ ਕੈ ਵੀਵਾਹੁ ਦੇ ਗਇਆ ਪਰੋਹਤੁ ਚੋਣਿਆ ਕਾ। ਵੇਦੀ ਜਨੇਤ ਦੇ ਆਹਰਿ ਪਏ, ਤਬ ਜਿਤਨਾ ਵੇਦੀਆਂ ਕਾ ਪਰਵਾਰੁ ਥਾ ਸਭ ਗੁਰੂ ਬਾਬੇ ਨਾਨਕ ਦੇ ਵੀਵਾਹ ਦੇ ਊਪਰਿ ਆਇਆ, ਜੋ ਕੋਈ ਭਲਾ ਕੁੜਮ ਥਾ ਸੁ ਸਭ ਸਦਾਇਆ, ਬਹੁਤੁ ਮੇਲੁ ਹੋਆ ਗੁਰੂ ਬਾਬੇ ਨਾਨਕ ਦੀ ਜਨੇਤ ਊਪਰਿ। ਪਹਿਲਾਂ ਲਗਣੁ ਆਇਆ, ਤੇਵਰ ਬੇਵਰ, ਸੁਇਨਾ-ਰੁਪਾ, ਘੋੜਾ, ਸੋਇਨੇ ਕਾ ਜਨੇਊ ਲਗਣੁ ਆਇਆ। ਉਨਹੁ ਦਿਨਹੁ ਅਨਾਜੁ ਸਉ ਗੁਣਾ ਸੁਕਾਲੁ ਹੋਤਾ ਥਾ ਅਰੁ ਹਾਲਾ ਥੋੜਾ ਲੀਚਤਾ। ਅਮਰੁ ਨਿਆਉ ਕਰਤੇ; ਰਯਤਿ ਮਹਿ ਧਰਮੁ ਥਾ; ਦਿਨ ਖਰੇ ਭਲੇ ਥੇ; ਸਭੁ ਕੋਈ ਸੁਖੀ ਰਹਤਾ, ਤਬ ਗੁਰੂ ਬਾਬੇ ਕੀ ਜੇਵਣਵਾਰ ਹੋਵਣੇ ਲਾਗੀ। ਪਹਿਲਾ ਗਿਰਦਿ ਨਿਵਾਹ ਕੇ ਗਿਰਾਵ ਜਿ ਮੇਲੀ ਥੇ ਸਿ ਜਿਮਾਏ, ਫਿਰਿ ਤਲਵੰਡੀ ਕੇ ਲੋਕ ਸਭਿ ਤਥਾ ਚਾਕਰ ਜਿਮਾਏ। ਫੇਰਿ ਮਹਾਜਨੁ ਤਲਵੰਡੀ ਕਾ ਜਿਮਾਇਆ। ਖਤ੍ਰੀ ਬ੍ਰਹਮਣ ਸਭੁ ਜਿਮਾਏ। ਫੇਰਿ ਸਕੇ ਜਿਤਨੇ ਅੰਗ ਪਰਸੰਗ ਅਪਣਾ ਪਰਵਾਰੁ ਬੇਦੀਆਂ ਕਾ ਥਾ ਓਹੁ ਜਿਮਾਏ, ਜਿਮਾਇ ਕਰਿ ਸਭਿ ਲੋਕ ਖੁਸੀ ਕੀਏ, ਸਭਨਹੁ ਅਸੀਰਬਾਦੁ ਦੀਆ ਜਿ ਪਰਮੇਸਰੁ ਤੂੰ ਨਾਨਕ ਜੀ ਕਾ ਭਲਾ ਕਰਿ। ਜਿਸਦੇ ਪਰਸਾਦਿ ਏਤਨੇ ਲੋਕ ਇਕਠੇ ਹੋਇ ਹੈਨਿ, ਪਰਮੇਸੁਰੁ ਤੂ ਇਸ ਕਾ ਭਲਾ ਕਰਿ। ਤਬ ਗੁਰੂ ਬਾਬੇ ਨਾਨਕ ਜੀ ਕਉ ਨਵਾਲਣੇ ਲਾਗੀ। ਚਉਕੁ ਪੂਰਾਇ ਕਰ ਗੁਰੂ ਬਾਬਾ ਨਾਨਕੁ ਖਾਰੇ ਊਪਰਿ ਬੈਠਾਇਆ, ਨਵਾਲਿਆ, ਊਪਰਿ ਲਾਲੁ ਪਛੇਵੜਾ ਤਾਣਿਆ ਅਰੁ ਇਸਤ੍ਰੀਅਹੁ ਸੋਹਿਲੇ ਗਾਏ, ਚਿਕਿ ਮਲਿ ਕਰਿ ਪੁਰਖਹੁ ਨਵਾਲਿਆ, ਤੇਲੁ ਫੁਲੇਲੁ ਲਗਾਇਆ, ਜਲਿ ਇਸਨਾਨੁ ਕੀਆ। ਤਬ ਗੁਰੂ ਬਾਬੇ ਜੀ ਕਉ ਨਵਾਲਿ ਕਰਿ ਜਨੇਊ ਧੋਤੀ ਬ੍ਰਹਮਣ ਪਹਰਾਏ। ਭੀਨੀ ਧੋਤੀ ਉਤਾਰਿ ਰਖੀ। ਖਾਰੀ ਤੇ ਉਠਿ ਕਰਿ ਜੁਤੀ ਪਹਿਰਿ ਕਰਿ ਚਪਣੀਆਂ ਫੋਰੀਆਂ। ਫੋੜਿ ਕਰਿ ਜਹਾ ਵਿਛਾਵਣੇ ਥਾਹੇ ਥੇ ਊਹਾ ਹੀ ਗੁਰੂ ਬਾਬਾ ਨਾਨਕੁ ਜੀ ਆਇ ਬੈਠਾ, ਜੋੜਾ ਪਹਿਰਾਇਆ, ਤਿਲਕੁ ਲਗਾਇਆ, ਮੁਕਟੁ ਸਿਰਿ ਬਾਂਧਿਆਂ, ਸੇਹਰੇ ਸਿਰਿ ਬ੍ਰਹਮਣ ਚਾੜ੍ਹੇ, ਗਨੇਸ ਪੂਜਾ ਕਰੀ। ਕੁਲਿ ਪਰਵਾਰੁ ਜਿਤਨਾ ਥਾ ਤਥਾ ਮਹਾਜਨੁ ਸਭਨਾਹੁ ਤੰਬੋਲੁ ਪਾਇਆ। ਤਬ ਗੁਰੂ ਬਾਬੇ ਨਾਨਕ ਜੀ ਕਪੜੇ ਪਹਿਰੇ। ਕੁਲਿ ਜਨੇਤ ਜਿਤਨੇ ਚਲਾਏ ਥੇ ਓਤਨਿਆਂ ਕੰਉ ਹੁਕਮੁ ਹੋਆ ਜਿ ਸਭਿ ਪਹੁਚਿ ਆਵਹੁ। ਕਈਕ ਸਵਾਰ, ਕਈਕ ਪਿਆਦੇ ਗੁਰੂ ਬਾਬੇ ਨਾਨਕ ਜੀ ਕੀ ਜਨੇਤ ਚੜ੍ਹੇ। ਤਬ ਚਲਤੇ ਚਲਤੇ ਮਜਲ ਦਰਿ ਆਏ। ਆਇ ਵਟਾਲੇ ਦੇ ਕੋਲਿ ਢੁਕੇ, ਬਾਗਿ ਜਾਇ ਉਤਰੇ। ਅਗੈ ਖਬਰਿ ਗਈ ਜਿ ਜਨੇਤ ਬਾਗਿ ਉਤਰੀ ਹੈ। ਤਬ ਚੋਣੇ ਅਗੇ ਤੇ ਧੁੜੇ ਹਕ ਲੈ ਆਏ। ਮੇਵਾ ਪਕਵਾਨੁ, ਆਟਾ ਚਾਵਲ, ਵੜੀਆਂ, ਪਾਪੜ, ਪਕਵਾਨੁ, ਬਕਰੇ, ਡੰਭਰੇ ਘਿਉ, ਸਕਰ ਲੈ ਆਏ। ਅਗਰੁ, ਤੇਲੁ, ਫੁਲੇਲ, ਚੋਆ, ਚੰਦਨੁ, ਕੇਸਰੁ ਘਸਿ ਕਰਿ ਲੇ ਆਏ। ਵਾਜਿਆਂ ਵਜਦਿਆਂ ਸਾਥਿ ਚੋਣੇ ਵੇਦੀਆ ਕਉ ਧੁੜੇ ਹਕ ਲੈ ਆਏ। ਰਾਮ ਕ੍ਰਿਸਨ ਕਰਿ ਕਰਿ ਮਿਲੇ, ਬਜੰਤ੍ਰ ਲਾਗੇ ਬਾਜਣ, ਗਲਿ ਮਿਲਿ ਖੇਮ ਕੁਸਲ ਕਰਿ ਕਰਿ ਬੈਠੇ। ਲਾਗਾ ਚੋਆ ਚੰਦਨੁ ਕੁੰਗੂ, ਅਗਰੁ ਲਗਾ ਲਗਾਈਜਣੇ।

ਲਾਗੇ ਮਾਂਝੀਆਂ ਜਾਂਞੀਆਂ ਨੋ ਅਗਰੁ ਪਲਟਣੇ। ਕੇਸਰੁ ਅਲਤਾ ਲਾਗੇ ਪਲਟਣੇ, ਕਪੜੇ ਚੋਐ ਚੰਦਨੁ ਕੇਸਰਿ ਜਨੇਤ ਛਰਕਿ ਕਰਿ ਪਾਨਾ ਦੇ ਬੀੜੇ ਖਵਾਲਿ ਕਰਿ, ਪੂੜੇ ਹਕ ਜਾਂਞੀਆਂ ਦੀ ਹਵਾਲੈ ਕੀਤੀ, ਹਵਾਲੈ ਕਰਿ ਕਰਿ ਮਾਂਝੀ ਘਰੀ ਗਏ, ਰਸੋਈ ਬਾਹਰਿ ਹੋਈ, ਪਰਸਾਦਿ ਲੀਏ। ਤਬ ਸੰਞੈ ਫੇਰਿ ਪੈਸਕਾਰਾ ਹੂਆ, ਜਨੇਤ ਬਾਲਕੁ ਸਦਾਈ, ਜੰਞ ਕਉ ਭਲੀ ਭਾਤਿ ਸਿਉ ਭਲੇ ੨ ਲੈਣੇ ਆਏ। ਜਬ ਨਜੀਕਿ ਨਗਰਿ ਕੈ ਗਏ ਤਬ ਜਾਂਞੀ ਮਾਂਞੀ ਆਪਹਿ ਮਿਲੇ। ਮਿਲਿ ਕਰਿ ਜਾਂਞੀ ਮਾਂਞੀ ਪਾਵ ਪਿਆਦੇ ਹੋਇ ਚਲੇ। ਗੁਰੂ ਬਾਬੇ ਨਾਨਕੁ ਜੀ ਅਸਵਾਰੁ ਹੀ ਹੋਇ ਚਲੇ। ਮੁਕਟੁ ਬਧੇ ਸਾਥਿ ਸਾਬਾਲੇ ਸਾਥਿ ਗੁਰੂ ਬਾਬਾ ਨਾਨਕੁ ਜੀ ਚੜਿਆ ਹੀ ਅੰਦਰ ਜਾਇ ਵੜਿਆ। ਜਨੇਤ ਡੇਰੇ ਜਾਇ ਉਤਰੀ। ਤਬ ਗੁਰੂ ਬਾਬੇ ਨਾਨਕ ਜੀ ਕੰਉ ਘੋੜੀ ਤੇ ਉਤਾਰਿ ਕਰਿ ਕੁਛੜਿ ਉਠਾਇ ਕਰਿ ਲੈ ਗਏ। ਤਬ ਇਸਤ੍ਰੀਆਂ ਆਪਣਾ ਅਚਾਰੁ ਕੀਆ। ਤਬ ਤਣੀ ਛੁਹਾਰੀ, ਤਣੀ ਛੁਹਾਇ ਕਰਿ ਲਿਜਾਇ ਜਨੇਤ ਮਹਿ ਬੈਠਾਇਆ। ਤਬ ਇਸਤ੍ਰੀਆਂ ਮਿਲਿ ਕਰਿ, ਘੋੜਾ ਬਹੇੜਾ ਲੈ ਕਰਿ ਆਈਆਂ, ਸੋਹਿਲੇ ਲਗੀਆਂ ਗਾਵਣੇ। ਤਬ ਉਨਹ ਇਸਤ੍ਰੀਅਹੁ ਜਿ ਭਲੇ ਘਰਿ ਮਹਿ ਮਿਲਿ ਕਰਿ ਸੋਹਿਲੇ ਗਾਏ। ਤਬ ਗੁਰੂ ਬਾਬਾ ਨਾਨਕੁ ਜੀ ਉਨ ਕਾ ਰਾਗੁ ਸੁਨਿ ਖੁਸੀ ਭੈਆ ਜਿ, "ਭਾਈ! ਏ ਇਸਤ੍ਰੀਆਂ ਖੁਸੀ ਹੋਇ ਹੋਇ ਮਾਨੁਖ ਕੇ ਸੋਹਿਲੇ ਕਿਉ ਗਾਵਦੀਆਂ ਹੈਨਿ, ਮੈ ਆਪੁਨੇ ਲਾਲਨ ਕੇ ਸੋਹਿਲੇ ਕਿਉ ਨਾਹੀ ਗਾਵਤਾ, ਜਿਸੁ ਸਿਉ ਮੇਰੀ ਪ੍ਰੀਤ ਹੈ"। ਤਬ ਗੁਰੂ ਬਾਬਾ ਨਾਨਕੁ ਜੀ ਪ੍ਰੇਮ ਪਰਮੇਸੁਰ ਕੈ ਸਾਥਿ ਬਾਨੀ ਬੋਲਿ ਉਠਾ, ਸੂਹੀ ਰਾਗ ਮਹਿ ਸਿਫਤੀ ਛੰਤੁ, ਜਿ-

ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥
ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸ ਸੇਤੀ ਮਨੁ ਲਾਇਆ ॥
ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰਿ ਮੰਦਰ ਸੋਹਾਏ ॥
ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥

ਤਿਸੁ ਕਾ ਪਰਮਾਰਥੁ:—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਹਮ ਘਰਿ ਸਾਜਨ ਆਏ। ਸਿ ਕਉਣਿ ਸਾਜਨ ਆਏ? ਏਹਿ ਜੋ ਸੁਕ੍ਰਿਤ ਥੇ ਏਈ ਜੀਅ ਕੇ ਸਾਜਨ ਹੈ। ਅਰੁ ਏ ਜਿ ਦੁਕ੍ਰਿਤ ਹੈ ਸੇ ਏਈ ਏਸ ਕੇ ਦੁਸਮਨ ਹੈ। ਜਦਿ ਏਸੁ ਉਪਰਿ ਸਚਾ ਸਾਹਿਬੁ ਮਿਹਰਵਾਨੁ ਹੋਆ ਤਬ ਏਸ ਕੰਉ ਏਈ ਸਾਜਨ ਆਇ ਮਿਲੇ ਸੁਕਰਮ, ਜਿਨ੍ਹਾ ਕਰਿ ਕਰਿ ਏਸ ਜੀਵ ਕਾ ਭਲਾ ਹੋਵੈ। ਜਬ ਏਸੁ ਕੰਉ ਸੁਕਰਮ ਪਰਮੇਸੁਰ ਆਣਿ ਮਿਲਾਏ ਤਬ ਏਸ ਕਾ ਮਨੁ ਸਹਜ ਸਾਥਿ ਹੋਆ। ਜਬ ਏਹੁ ਪਾਪਾ ਤੇ ਖਲਾਸੁ ਹੋਆ ਤਬ ਏਹੁ ਪਰਮੇਸੁਰ ਕੰਉ ਖੁਸਿ ਆਇਆ। ਜਿਨਹੁ ਪੰਚਹੁ ਏਹੁ ਪਰਮੇਸੁਰ ਤੇ ਭੂਲਾ ਥਾ ਤਿਨਹੁ ਤੇ ਏਹੁ ਛੂਟਾ। ਜਿਨਹੁ ਪੰਚਹੁ ਕਾ ਏਸ ਕੰਉ ਡਰੁ ਥਾ ਸਿ ਓਹਿ ਇਸ ਕੰਉ ਆਇ ਮਿਲੇ। ਇਕਲਾਸੁ ਹੋਆ ਤਬ ਏਹੁ ਖੁਸੀ ਹੋਆ। ਜਿਸੁ ਵਸਤੁ ਨੋ ਏਹੁ ਜੀਉ ਚਾਹਦਾ ਥਾ ਸਾ ਵਸਤੁ ਏਸ ਕੰਉ ਪ੍ਰਾਪਤਿ ਹੋਈ। ਕਵਣੁ ਵਸਤੁ ਪ੍ਰਾਪਤਿ ਹੋਈ? ਕਾਮ ਤੇ ਜਤੁ ਹੋਆ, ਕ੍ਰੋਧ ਤੇ ਚੁਪਿ ਹੋਈ, ਲੋਭ ਤੇ ਸੰਤੋਖੁ ਹੋਆ, ਮੋਹ ਤੇ ਨਿਰਮੋਹੁ ਹੋਆ। ਅਹੰਕਾਰ ਤੇ ਸਿਉ ਹੋਈ। ਚਿੰਤ ਤੇ ਅਚਿੰਤੁ ਹੋਆ। ਨਿਰਦੈਆ ਤੇ ਆਤਮੇ ਦੈਆ ਵਸੀ। ਸਕਤਿ ਤੇ ਸਿਉ ਉਪਜੀ। ਏਸੁ ਕੰਉ ਏਹਿ ਸਾਜਨ ਹੋਇ ਮਿਲੇ। ਦੁਸਮਨ ਭੀ ਸਾਜਨ ਹੋਏ। ਜਿ ਏਸੁ ਮਨ ਕੈ ਵੈਰੀ ਥੇ ਤਿਨਾ ਸਾਰਿ ਏਸ ਕਾ ਮੇਲੁ ਭਇਆ। ਜਿ ਵਸਤੁ ਚਾਹਦਾ ਥਾ ਸਾ ਏਨਿ ਮਨਿ ਪਾਈ। ਖਰਾ ਸੁਖੀ ਭਇਆ। ਜਿਤਨਾ ਏਸ ਕਾ ਜੀਉ ਪ੍ਰਾਣ ਅਰੁ ਮੰਦਰੁ ਥਾ ਸਭੁ ਏਸ ਕਾ ਸੋਭਾਮਾਨੁ ਹੋਆ। ਜਬ ਏਸੁ ਕਉ ਸੁਕ੍ਰਿਤ ਸਾਜਨ ਮਿਲੇ। ਇਨੀ ਸੁਕ੍ਰਿਤੀ ਸਾਜਨੀ ਕਰਿ ਕਰਿ ਏਹੁ ਖੁਸੀ ਭਇਆ। ਏਸ ਜੀਵ ਕੇ ਸੁਕ੍ਰਿਤ ਹੀ ਸਾਜਨ ਹੈ, ਹੋਰਿ ਸਾਜਨ ਨਾਹੀ। ਜਬ ਏਹਿ ਸਾਜਨ ਏਸ ਕੇ ਘਰਿ ਮਹਿ ਆਏ ਤਬ ਏਸ ਕੇ ਪੰਚ ਸਬਦ ਅਨਹਦ ਵਾਜੇ। ਜਬ ਏਸ ਕਾ ਸਾਧ ਕਰਮ ਸੰਉ ਮੇਲੁ ਹੋਆ। ਤਬ

ਗੁਰੂ ਬਾਬਾ ਨਾਨਕੁ ਦੇਖਿ ਕਰਿ ਮੰਗਲ ਸੈਸਾਰ ਕੇ ਗਾਵੀਦੇ ਬਾਬੇ ਪਰਮੇਸੁਰ ਕੇ ਮੰਗਲ ਗਾਏ। ਸੈਸਾਰੁ ਸੈਸਾਰੀ ਮੰਗਲ ਗਾਵਤਾ ਹੈ। ਗੁਰੂ ਬਾਬਾ ਨਾਨਕੁ ਜੀ ਪਰਮੇਸੁਰ ਜੀ ਕੇ ਮੰਗਲ ਗਾਵਤਾ ਹੈ। ਬੋਲਹੁ ਭਾਈ ਜੀ ਸ੍ਰੀ ਰਾਮ ਕ੍ਰਿਸਨ।

## ਛੰਤ। ਸੂਹੀ ਰਾਗੁ। (ਮਹਾਲਾ ੧)

ਅਵਹੁ ਮੀਤ ਪਿਆਰੇ ! ਮੰਗਲ ਗਾਵਹੁ ਨਾਰੇ।
ਸਚ ਮੰਗਲੁ ਗਾਵਹੁ, ਤਾ ਪ੍ਰਭ ਭਾਵਹੁ, ਸੋਹਿਲੜਾ ਜੁਗ ਚਾਰੇ ॥
ਅਪਨੈ ਘਰਿ ਆਇਆ, ਥਾਨਿ ਸੁਹਾਇਆ, ਕਾਰਜ ਸਬਦਿ ਸਵਾਰੇ ॥
ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ, ਹਮ ਘਰਿ ਸਾਜਨੁ ਆਇਆ ॥ ੨ ॥

ਤਿਸੁ ਕਾ ਪਰਮਾਰਥੁ:—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਸੰਤ ਜਨਹੁ ! ਏਹਿ ਜਿ ਪਰਮੇਸੁਰ ਕੇ ਜਸ ਕੀਰਤਿ ਮੰਗਲ ਹੈ ਸਿ ਤੁਮਿ ਮਿਲਿ ਕਰਿ ਆਪਸ ਮਹਿ ਏਹੁ ਮੰਗਲ ਗਾਵਹੁ। ਜਿਤੁ ਏਸੁ ਜੀਅ ਕਾ ਭਲਾ ਹੋਇ। ਜਾ ਤੁਮ ਸਚੇ ਨਾਮ ਸਾਥਿ ਪਰਮੇਸੁਰ ਕਾ ਜਸੁ ਗਾਵਹੁਗੇ, ਤਬ ਤੁਮ ਊਪਰਿ ਪਰਮੇਸੁਰੁ ਦਇਆਲ ਹੋਇਗਾ। ਚਾਰੇ ਜੁਗ ਇਸ ਹੀ ਸਿਮਰਨਿ ਸੋਹਿਲੇ ਗਾਈਐ ਉਧਾਰੁ ਹੈ। ਰੇ ਬੀਰ ਪਰਮੇਸੁਰ ਕੇ ਲੋਕਹੁ ! ਤੁਮ ਏਹੀ ਜਸੁ ਹੀ ਪਰਮੇਸੁਰ ਕਾ ਗਾਵਹੁ। ਏਸੁ ਸੋਹਿਲੇ ਗਾਏ ਕਾ ਕਵਣੁ ਵਿਸੇਖ ਧਰਮੁ ਹੈ ? ਏਹੁ ਜਿ ਜੀਉ ਹੈ ਸਿ ਚਉਰਾਸੀਹ ਲਖ ਜੀਆਂ ਕੀ ਜੂਨਿ ਭਰਮਣ ਤੇ ਰਹੈਗਾ, ਸਚ ਸੰਉ ਸਮਾਇਗਾ, ਅਪਨੇ ਘਰਿ ਮਹਿ ਆਇ ਟਿਕੈਗਾ। ਨਿਹਚਲੁ ਪਦਵੀ ਪਾਵੈਗਾ। ਜਿਤਨੇ ਏਸ ਕੇ ਕਾਰਜ ਹੈ ਤਿਤਨੇ ਏਸੁ ਸਬਦ ਕੈ ਸਿਮਰਨਿ ਕਰਿ ਕਰਿ ਸਵਰਹਿਗੇ। ਏਹੁ ਸਿਮਰਨ ਮਤੁ ਛੋਡਹੁ। ਪਰਮੇਸੁ ਕਾ ਜਿ ਗਿਆਨੁ ਹੈ ਜਬ ਏਸੁ ਕੰਉ ਗਿਆਨੁ ਆਇ ਪਰਗਟੈਗਾ ਤਬ ਏਸ ਕੀ ਨੇਤ੍ਰੀ ਉਜਾਰਾ ਹੋਇਗਾ। ਭਰਮ ਕੀ ਦ੍ਰਿਸਟਿ ਦੂਰਿ ਹੋਇ ਜਾਇਗੀ। ਏਸ ਕੰਉ ਤ੍ਰਿਭਵਨ ਨਾਥੁ ਸਭਨਾ ਘਟਾ ਮਹਿ ਦ੍ਰਿਸਟਿ ਆਵੈਗਾ। ਜਬ ਏਹੁ ਗਿਆਨੀ ਹੋਇਗਾ, ਗਿਆਨ ਕਾ ਰਸੁ ਏਸੁ ਕੰਉ ਨਦਰੀ ਆਵੈਗਾ। ਏ ਸੰਤ ਜਨਹੁ ਤੁਮ ਮਿਲਿ ਕਰਿ ਇਹੀ ਪਰਮੇਸੁਰ ਕੇ ਮੰਗਲ ਗਾਵਹੁ ਜਿਤੁ ਪਰਮੇਸੁਰੁ ਸੰਤੁਸਟੁ ਹੋਇ"। ਤਬ ਇਸਤ੍ਰੀਆਂ ਆਇ ਕਰਿ ਗੁਰੂ ਬਾਬੇ ਨਾਨਕ ਜੀ ਕੰਉ ਉਪਹਾਸੁ ਕਰਿ ਕਰਿ ਲਾਗੀਆਂ ਰੀਝਾਵਨੇ ਜਿ ਕਿਵੇ ਹੀ ਹਮ ਨਾਨਕ ਕੰਉ ਰੀਝਾਇ ਲੇਵਹਿ ਅਪਣੇ ਰੂਪ ਸੁਭ ਬਚਨ ਕਰਿ ਕਰਿ। ਬੋਲਹੁ ਭਾਈ ਜੀ ਸ੍ਰੀ ਰਾਮ ਕ੍ਰਿਸਨ। ਤਬ ਉਨਹੁ ਸਾਥਿ ਗੁਰੂ ਬਾਬੇ ਨਾਨਕ ਜੀ ਬਾਨੀ ਬੋਲੀ ਜਿ:—

ਮਨੁ ਤਨੁ ਅੰਮ੍ਰਿਤੁ ਭੀਨਾ ॥ ਹਰਿ ਪ੍ਰੇਮਿ ਰਤਨ ਮਨ ਲੀਨਾ ॥
ਅੰਤਰਿ ਪ੍ਰੇਮੁ ਪਦਾਰਥੁ ਮੇਰੈ ਪਰਮ ਤਤੁ ਬੀਚਾਰੇ ॥
ਜੰਤ ਭਿਖਾਰੀ ਸਫਲਿਓ ਦਾਤਾ, ਸਿਰਿ ਸਿਰਿ ਦੇਵਣਹਾਰੇ ॥
ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥
ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥ ੩ ॥

ਤਿਸ ਕਾ ਪਰਮਾਰਥੁ:—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਨਹੁ ਸਖੀਅਹੁ ! ਮੇਰਾ ਜਿ ਮਨੁ ਹੈ ਸਿ ਸਭੁ ਅੰਬ੍ਰਿਤ ਨਾਮ ਪਰਮੇਸੁਰ ਕੇ ਸਾਥਿ ਭੀਨਾ ਹੈ। ਉਹੁ ਜਿ ਪ੍ਰੇਮ ਕੀ ਪ੍ਰੀਤਿ ਕਾ ਕੀਰਤਨੁ ਹੈਸੁ ਮੇ ਆਤਮੈ ਸਾਥਿ ਤਕੜਾ ਕਰਿ ਪਕੜਿਆ ਹੈ। ਸੁ ਪ੍ਰੇਮ ਰਤਨੁ ਜਿ ਹੈ ਸਿ ਕਿਆ ਹੈ ? ਪਰਮ ਤਤੁ ਪਰਮੇਸੁਰੁ ਹੈ, ਤਿਸ ਕਾ ਜਿ ਬੀਚਾਰੁ ਸਿਫਤਿ ਕਰੈ ਸੋਈ ਪਰਮੇਸੁਰ ਜੀ ਕੰਉ ਭਾਵਤਾ ਹੈ, ਸਿ ਇਹੀ ਪ੍ਰੇਮ ਰਤਨੁ ਹੈ। ਇਸ ਹੀ ਕਾ ਨਾਮੁ ਪ੍ਰੇਮ ਰਤਨ ਹੈ। ਉਹੁ ਜਿ ਪਰਮ ਤਤੁ

ਪਰਮੇਸੁਰੁ ਹੈ, ਜਿਸ ਕੈ ਸਿਮਰਨਿ ਭਲਾ ਹੋਤਾ ਹੈ, ਸੁ ਕੈਸਾ ਪਰਮੇਸੁਰੁ ਹੈ ? ਜਿਤਨੇ ਜੰਤ ਹੈ, ਜਿਤਨੇ ਜੀਆਂ ਜੰਤਾਂ ਕੇ ਭੇਖ ਹੈ, ਏਤਨਿਆਂ ਕੰਉ ਛਾਜਨੁ ਭੋਜਨੁ ਅਹਾਰੁ ਪਹੁਚਾਵਤਾ ਹੈ । ਐਸਾ ਦਾਤਾ ਪਰਮੇਸੁਰੁ ਹੈ । ਤਿਸ ਕੀ ਸੇਵਾ ਕੀਤੀ ਨਿਹਫਲੁ ਕਿਵੈ ਨਾ ਜਾਇ, ਸਫਲ ਹੀ ਹੈ, ਜਿ ਬਿਨਾ ਸੇਵਾ ਤੇ ਪਹੁਚਾਵੈ ਤਿਸ ਕੀ ਸੇਵਾ ਕਿਉ ਸਫਲ ਨ ਹੋਇ ! ਜਿ ਘਟਿ ਘਟਿ ਕੰਉ ਆਹਾਰੁ ਪਹੁਚਾਵਤਾ ਹੈ । ਐਸਾ ਪਰਮੇਸੁਰੁ ਹੈ ਸੁਘੜ ਰਾਇ, ਪਰਮ ਗਿਆਨੀ ਅੰਤਰਜਾਮੀ ਹੈ, ਜਿ ਜੀਅ ਜੀਅ ਕੀ ਬਿਧਿ ਜਾਣਿਤਾ ਹੈ । ਜਿਸ ਕਾ ਏਹੁ ਕਾਰਣੁ ਕੀਆ ਸ੍ਰਿਸਟੀ ਮਹਿ ਵਰਤਤਾ ਹੈ । ਸਿ ਓਹ ਐਸਾ ਮਨ ਮੋਹਨੁ ਠਾਕੁਰੁ ਹੈ । ਤਿਸੁ ਮੋਹਨ ਕੇ ਗੁਨ ਕਰ ਕਰਿ ਮੇਰਾ ਮਨ ਮੋਹਿਆ ਹੈ। ਮੈਂ ਆਂਨ ਥਾਂਨ ਕਿਛੁ ਨਹੀ ਸੁਹਾਤੀ । ਹੇ ਸਖੀਅਹੁ ! ਬਿਨਾ ਉਸੁ ਮਦਨ ਗੁਪਾਲ ਥੀ ਮੇ ਅਵਰੁ ਕਿਛੁ ਨਾਹੀ ਸੁਹਾਤਾ । ਤਬ ਓਹਿ ਜਿ ਸੈਸਾਰੀ ਲੋਕ ਥੇ ਤਿਨਹੁ ਧਿਆਨੁ ਕੀਆ ਜਿ "ਨਾਨਕੁ ਗਾਵਿ ਗਾਵਿ ਉਠਤਾ ਹੈ, ਏਸ ਕਉ ਕਿਛੁ ਕਿਆ ਨਜਰਿ ਆਇਆ ਹੈ ?" ਤਬ ਉਨਹੁ ਲੋਕਹੁ ਪੂਛਾ ਜਿ, "ਏ ਨਾਨਕ ਜੀ ! ਤੂ ਜਿ ਗਾਵਿ ਗਾਵਿ ਉਠਤਾ ਹੈ, ਤੁਝ ਕੰਉ ਕਿਆ ਨਜਰਿ ਆਵਤਾ ਹੈ ? ਅਕੇ ਕੋਈ ਇਸੁ ਸਮੇ ਦਾਨਾ ਗਾਵੈ ਅਕੇ ਕੋਈ ਦਿਵਾਨਾ ਗਾਵੈ । ਹਮ ਕਰਿ ਕਿਛੁ ਨਾਹੀ ਸਕਤੇ, ਤੈਨੂੰ ਜੋ ਨਜਰਿ ਆਇਆ ਹੈ ਸਿ ਤੂ ਕਹੁ" । ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਮੰਨੋ ਪਰਮੇਸੁਰੁ ਨਜਰਿ ਆਵਤਾ ਹੈ ।" ਤਬ ਉਨਹੁ ਲੋਕਹੁ ਕਹਿਆ ਜਿ, " ਏ ਨਾਨਕ ਜੀ ! ਉਹੁ ਰਾਮੁ ਅਸਾਂ ਕੰਉ ਭੀ ਦਿਖਾਇ ਦੇਹਿ" । ਤਬ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲ ਉਠਿਆ, ਜਿ—

ਆਤਮ ਰਾਮੁ ਸੰਸਾਰਾ ।। ਸਾਚਾ ਖੇਲੁ ਤੁਮਾਰਾ ।।
ਸਚੁ ਖੇਲੁ ਤੁਮਾਰਾ ਅਗਮ ਅਪਾਰਾ ਤੁਝ ਬਿਨੁ ਕਵਨੁ ਬੁਝਾਏ ॥
ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥
ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰ ਠਾਇ ॥
ਨਾਨਕ ਅਉਗਣ ਸਗਲ ਮਿਟਾਏ ਗੁਣ ਸੰਗਮਿ ਪ੍ਰਭੁ ਪਾਏ ।।੪।।੧।।

ਤਿਸ ਕਾ ਪਰਮਾਰਥੁ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਣ ਹੋ ਭਾਈ ! ਤੁਸੀਂ ਕਹਤੇ ਹੋ ਜਿ ਰਾਮੁ ਕਹਾਂ ਹੈ ਸਿ ਏਹੀ ਆਤਮਾ ਹੀ ਰਾਮ ਹੈ । ਤੁਮਿ ਅਵਰੁ ਰਾਮੁ ਕਵਣੁ ਕਹਤੇ ਹੋ, ਸੈਸਾਰੁ ਏਹੀ ਆਤਮਾ ਹੀ ਰਾਮੁ ਹੈ । ਉਹੁ ਜਿ ਸੰਮਰਥੁ ਪੁਰਖੁ ਹੈ, ਜਿਸ ਕਾ ਖੇਲ ਪੜਿਆ ਵਰਤਦਾ ਹੈ ਸੰਸਾਰੁ ਕੈ ਬਿਖੈ, ਸੁ ਉਹੁ ਅਗਮੁ ਅਗਾਧਿ ਪੁਰਖੁ ਹੈ । ਜਿਸੁ ਆਪਿ ਹੋਇ ਕਿਰਪਾਲੁ ਬੁਝਾਇ ਦੇ ਤਿਸੁ ਕੀ ਗਹਣਿਗਤਿ ਪਾਈ ਨ ਜਾਇ । ਪਾਈਐ ਸਿ ਕਹਾ ਤੇ ਪਾਈਐ । ਓਹੁ ਅਗਾਧਿ ਪੁਰਖੁ ਪਾਈਐ ਸਿ ਆਤਮੇ ਤੇ ਪਾਈਐ । ਕਹੈ ਜਿਸ ਤੇ ਪਾਈਐ ਅਗਾਧਿ ਬੋਧਿ ਪ੍ਰਭ, ਸੁ ਉਹੀ ਆਤਮਾ ਰਾਮੁ ਹੈ । ਭੇਦੁ ਕਰਿ ਨਾਹੀ ਜਾਨਣਾ । ਏਸੁ ਆਤਮ ਰਾਮ ਕੀ ਸੋਈ ਮਿਤਿ ਜਾਣੈ ਜਿਸੁ ਕੰਉ ਆਪਿ ਕਿਰਪਾ ਕਰਿ ਬੁਝਾਏ, ਸੋਈ ਬੂਝੈ । ਕਈ ਸਿਧ ਬੁਧ ਨਾਥ ਹੈ, ਕਈ ਸਾਧਿਕ ਸਿਆਣੇ ਹੈ, ਪਣੁ ਬਿਨਾ ਪਰਮੇਸੁਰ ਤੇ ਬਲੁ ਕਿਸੀ ਕਾ ਨਾਹੀ ਰਹਤਾ । ਸੋ ਕਵਣੁ ਜਿ ਕੋਈ ਕਹੈ ਮੈ ਕਿਛੁ ਹਾਂ । ਜਿ ਜਾਣੈ ਜਿ ਮੈਂ ਭੀ ਕਿਛੁ ਹਾਂ ਤਿਸ ਕੰਉ ਮਾਰਿ ਕਰਿ ਗਰਤਗੋਰ ਕਰਿ ਸਟੇ । ਐਸਾ ਬਲੀ ਸਾਹਿਬ ਹੈ ਉਸ ਕੀ ਕੁਦਰਤਿ ਕਾ ਤਮਾਸਾ ਦੇਖਿ ਕਰਿ ਮੈ ਬਿਕਲਿ ਦਿਵਾਨਾ ਹੋਇ ਗਇਆ ਹਾਂ । ਕੈਸਾ ਬਿਕਲਿ ਦਿਵਾਨਾ ਹੋਇ ਗਇਆ ਹਾਂ ਗੁਰੂ ਕੈ ਪਰਸਾਦਿ ਮਨੁ ਥਾਇ ਆਇ ਗਇਆ ਹੈ । ਜਿ ਬਿਨਾ ਪਰਮੇਸੁਰ ਤੇ ਏਹੁ ਹੋਰੁ ਕਿਛੁ ਨਾਹੀ ਜਾਣਤਾ । ਐਸੀ ਮਨ ਮਹਿ ਦ੍ਰਿੜਤਾ ਆਈ ਹੈ" । ਤਬ ਉਨਹੁ ਸੈਸਾਰੀਅਹ ਲੋਕਹੁ ਗੁਰੂ ਬਾਬੇ ਕੰਉ ਨਿਮਸਕਾਰੁ ਕੀਆ ਜਿ "ਧੰਨੁ ਗੁਰੂ ਹੋ ਨਾਨਕੁ ! ਵਾਹੁ ਗੁਰੂ ਨਾਨਕੁ ! ਸਤਿਗੁਰੂ ਨਾਨਕੁ" ।

## ਸਲੋਕ

ਸਾਜਨ ਸੰਉ ਮਨ ਮਾਨਿਆ ਮਿਲਿਓ ਹਿਰਦੈ ਮਾਹਿ ॥
ਦਾਸ ਨਾਨਕ ਗੁਰਮੁਖਿ ਪਾਇਆ ਸਤਿਗੁਰੂ ਕੇਸਉ ਨਾਹਿ ॥ ੧ ॥

ਬੋਲਹੁ ਭਾਈ ਜੀ ਵਾਹੁਗੁਰੂ, ਧੰਨੁ ਗੁਰੂ, ਸਤਿਗੁਰੂ । ਰਾਮ, ਸਤਿਗੁਰੂ, ਸਤਿ, ਸਤਿਨਾਮ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥ ੧੧ ॥

## ਅਥਿ ਗੋਸਟਿ ਗੁਰੂ ਬਾਬੇ ਨਾਨਕ ਜੀ ਕੀ (ਵਿਆਹ ਹੋਇਆ)

ਤਬ ਗੁਰੂ ਬਾਬੇ ਨਾਨਕ ਕੰਉ ਮਹਲ ਅੰਤਰਿ ਤਣੀ ਛੁਹਾਵਣ ਲੇ ਗਏ । ਤਬ ਇਸਤਰੀਅਹੁ ਤਣੀ ਛੁਹਾਈ ਅਪਣਾ ਅਚਾਰੁ ਕੀਆ । ਤਬ ਸੂਹੀ ਰਾਗ ਮਹਿ ਗੁਰੂ ਬਾਬਾ ਨਾਨਕੁ ਜੀ ਬਾਨੀ ਬੋਲਿ ਉਠਾ ।

## ਛੰਤੁ

ਹਰਿ ਆਵਹੁ ਸਾਜਨਾ, ਹੰਉ ਦੇਖਾ ਦਰਸਨੁ ਤੇਰਾ ਰਾਮ ॥
ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਣੇਰਾ ਰਾਮ ॥
ਮਨਿ ਚਾਉ ਘਣੇਰਾ, ਤੂ ਸੁਣਿ ਪ੍ਰਭ ਮੇਰਾ, ਮੈ ਤੇਰਾ ਭਰਵਾਸਾ ॥
ਦਰਸਨੁ ਦੇਖਿ ਭਈ ਨਿਹਕੇਵਲੁ, ਜਨਮ ਮਰਨ ਦੁਖ ਨਾਸਾ ॥
ਸਗਲੀ ਜੋਤਿ ਜਾਤਾ ਤੂ ਸੋਈ, ਮਿਲਿਆ ਭਾਇ ਸੁਭਾਏ ॥
ਨਾਨਕ ਸਾਜਨ ਕਉ ਬਲਿ ਜਾਈਐ; ਸਾਚਿ ਮਿਲੇ ਘਰਿ ਆਏ ਰਾਮ ॥ ੧ ॥

ਤਿਸ ਕਾ ਪਰਮਾਰਥੁ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏਹਿ ਸੈਸਾਰ ਕੀਆਂ ਇਸਤਰੀਆਂ ਸੈਸਾਰ ਕਿਆ ਪੁਰਖਾ ਕੰਉ ਖੜੀਆਂ ਅਰਾਧਤੀਆਂ ਹੈ, ਜਿ ਉਹੁ ਸਮੋ ਕਬਿ ਹੋਇਗਾ ਜਬ ਹਮਿ ਪੁਰਖਾ ਕਾ ਦਰਸਨੁ ਦੇਖਹਿਗੀਆਂ । ਆਪਣੈ ਮਹਲ ਉਹਿ ਖੜੀਆ ਦੇਖਤੀਆਂ ਹੈ । ਜੋ ਕਬਿ ਭਰਤਾ ਨਜਰਿ ਆਵੈ ਅਰੁ ਮੈ ਉਸ ਕਾ ਦਰਸਨੁ ਦੇਖੰਉ । ਤਿਉ ਮੈ ਏ ਸ੍ਰੀ ਪਾਰਬ੍ਰਹਮ ਜੀ, ਤੇਰੇ ਦਰਸਨ ਕੀ ਚਾਹ ਹੈ । ਏ ਹਰਿ ਜੀ, ਤੂ ਏਸੁ ਮੇਰੇ ਘਟਿ ਘਰਿ ਮਹਿ ਆਉ ਜਿ ਹੰਉ ਤੇਰਾ ਦਰਸਨੁ ਦੇਖੰਉ । ਆਠ ਪਹਰ ਮੈਨੋ ਇਹੋ ਧਿਆਨੁ ਹੈ ਜਿਸੁ ਵਖਤਿ ਤੇਰਾ ਦਰਸਨੁ ਹੋਇ । ਏਸੁ ਤੇਰੇ ਦਰਸਨੁ ਕਾ ਮੇਰੇ ਮਨਿ ਬਹੁਤੁ ਚਾਉ ਹੈ । ਸਿ ਦਰਸਨੁ ਮੈ ਕਿਉ ਕਰਿ ਪਾਵਉ ਠਾਕੁਰ ਜੀ ਕਾ । ਸੁ ਤੇਰੇ ਦਰਸਨ ਕਾ ਵਿਸੇਖੁ ਕਿਆ ਹੈ ਜਿ ਫੇਰਿ ਏਹੁ ਜੀਉ ਜੰਮਣ ਮਰਣ ਤੇ ਰਹਤਾ ਹੈ, ਅਜੋਨੀ ਹੋਤਾ ਹੈ ਤੇਰੈ ਦਰਸਨ ਦੇਖੈ । ਅਰੁ ਜਿਤਨੀ ਜੀ ਜੀ ਕੀ ਜੋਤਿ ਹੈ ਏਤਨੀ ਸਭ ਤੇਰੀ ਹੈ, ਸਭਨਾ ਮਹਿ ਤੁਹੀ ਸਮਾਇਆ ਹੈ । ਅਰੁ ਮੈ ਜਿ ਤੂ ਪਾਇਆ ਹੈ ਸਿ ਸੇਵਾ ਕਰਿ ਕਰਿ ਮੈ ਤੂ ਪਾਇਆ ਨਾਹੀ । ਤੈ ਜਿ ਕਿਰਪਾ ਕਰੀ ਹੈ ਸਿ ਆਪਣੈ ਸਹਜ ਸੁਭਾਇ ਕਿਰਪਾ ਕਰੀ ਹੈ । ਨਾਨਕੁ ਜਿ ਹੈ ਸਿ ਤੇਰਿਆਂ ਜਨਾ ਵਿਟਹੁ ਸਦਾ ਬਲਿਹਾਰ ਜਾਇ ਜੀ, ਜਾ ਤੂ ਸਚਾ ਮੈ ਸਚੇ ਕੰਉ ਕਿਰਪਾ ਕਰਿ ਸਚਾ ਕੀਆ, ਸਿ ਹੰਉ ਬਲਿਹਾਰ ਜਾਂਈ ਤੇਰੇ ਸਚੇ ਸਾਹਿਬ ਜੀ ਕੈ । ਜਿਉ ਇਸਤ੍ਰੀ ਕਾ ਆਸਾ ਮਨਸਾ ਪੂਰੀ ਹੈ ਤਿਉ ਮੇਰੀ ਮਨਸਾ ਪੂਰੀ ਕਰਿ" । ਤਬ ਓਹਿ ਜਿਤਨੀਆਂ ਤਾਣੀ ਛੁਹਾਵਣ ਲੈ ਗਈਆਂ ਸੀਆਂ ਇਸਤ੍ਰੀ ਬਾਬੇ ਨਾਨਕ ਜੀ ਕੰਉ ਓਹਿ ਸੁਣਿ ਕਰਿ ਲਲਤਾ ਛੰਦਾ ਦੀਆਂ ਖੁਸੀ ਹੋਇ ਗਈਆਂ । ਉਨਹੁ ਕਹਿਆ ਜਿ, "ਏ ਜਿ ਨਾਨਕ ਜੀ ! ਤੇਰੇ ਦਰਸ਼ਨ ਹੀ ਕੀ ਸੋਭਾ ਸੰਉ ਹਮ ਮੋਹਤ ਹੋਇ ਗਈਆਂ ਥੀਆਂ ਅਬ ਤੇਰੇ ਇਸੁ ਲਲਤਾ ਗਾਵਣੈ ਸੰਉ ਹਮਾਰਾ ਕਿਛ ਧੀਰਜ ਨ ਰਹਿਆ । ਜੀ ਤੂ ਅਬ ਏਹੀ ਲਲਤਾ ਕੇ ਸਭ ਬਚਨ ਪਰਮੇਸੁਰ ਕੈ ਅਰਥਿ ਸੁਨਾਉ । ਹਮਹੁ ਏਹਿ ਲਾਗ ਚਾਰ ਭੀ ਛੋਡੇ, ਪਰਮੇਸੁਰ ਕੈ ਅਰਥਿ ਤੂ ਕਿਛੁ ਸੁਣਾਇ" । ਤਬ ਗੁਰੂ ਬਾਬਾ ਨਾਨਕੁ ਜੀ ਬਾਨੀ ਬੋਲਿ ਉਠਾ ਜਿ ।—

ਘਰਿ ਆਇਅੜਾ ਸਾਜਨੁ ਤਾ ਧਨ ਖਰੀ ਸਰਸੀ ਰਾਮ ॥
ਹਰਿ ਮੋਹਿਅੜੀਆ ਸਾਚ ਸਬਦਿ ਅਪਨਾ ਠਾਕੁਰੁ ਦੇਖ ਬਿਗਸੀ ਰਾਮ ॥
ਗੁਣ ਸੰਗ ਰਹਸੀ, ਖਰੀ ਸਰਸੀ, ਜਾਂ ਰਾਵੀ ਰੰਗਿ ਰਾਤੈ ।।
ਅਵਗਣ ਮਾਰਿ ਗੁਣੀ ਘਰੁ ਛਾਇਆ, ਪੂਰਨੁ ਪੁਰਖ ਬਿਧਾਤੈ ॥
ਤਸਕਰ ਮਾਰਿ ਵਸੇ ਪੰਚਾਇਣੁ ਅਦਲੁ ਕਰੇ ਵੀਚਾਰੇ ॥
ਨਾਨਕ ਰਾਮਿ ਨਾਮਿ ਨਿਸਤਾਰਾ ਗੁਰਮਤਿ ਮਿਲਹਿ ਪਿਆਰੇ ਰਾਮ ॥ ੨ ॥

ਤਿਸ ਕਾ ਪਰਮਾਰਥ :—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਜਬ ਏਸੁ ਕੰਉ ਆਪਣਾ ਠਾਕੁਰ ਜੀ ਘਰਿ ਆਇ ਬਸਤਾ ਹੈ ਤਬ ਏਸ ਕਾ ਮਨੁ ਬਹੁਤੁ ਖੁਸੀ ਹੋਂਦਾ ਹੈ, ਮਹਾ ਅਨੰਦ ਮੰਗਲਚਾਰੁ ਹੋਂਦਾ ਹੈ । ਜਬ ਸਚ ਕੇ ਸਬਦ ਸੰਉ ਏਹੁ ਮੋਹਿਤੁ ਹੋਤਾ ਹੈ ਜੀਉ ਤਬ ਏਹੁ ਜੀਉ ਠਾਕੁਰ ਕੀ ਲੀਲਾ ਦੇਖਿ ਖੁਸੀ ਹੋਤਾ ਹੈ, ਖਰੀ ਪ੍ਰੀਤ ਲਗਤੀ ਹੈ ਠਾਕੁਰ ਕੇ ਚਰਨਨ ਸਾਥਿ । ਤਬ ਏਸੁ ਅਰੁ ਠਾਕੁਰ ਮਹਿ ਭੇਦੁ ਕਿਛੁ ਨਾਹੀ ਹੋਤ । ਠਾਕੁਰ ਜੀ ਸੰਉ ਸਮਾਇ ਜਾਤਾ ਹੈ । ਏਸ ਕੇ ਅਵਗਣ ਮਿਟਿ ਜਾਤੇ ਹੈ, ਗੁਣਾ ਕਾ ਪ੍ਰਗਾਸੁ ਹੋਇ ਆਵਤਾ ਹੈ । ਜਾ ਠਾਕੁਰ ਜੀ ਏਸ ਕੇ ਘਰਿ ਮਹਿ ਬਸਤਾ ਹੈ । ਏ ਜਿ ਪੰਚ ਚੋਰ ਹੈ ਏਸੁ ਜੀਵ ਕੇ ਸਾਥਿ : ਕਾਮੁ, ਕ੍ਰੋਧ, ਲੋਭੁ, ਮੋਹੁ, ਅਹੰਕਾਰੁ—ਏ ਸਭਿ ਮਾਰਿ ਕਰਿ ਵਸਿ ਕੀਏ । ਜਬ ਪੰਚਾਇਣੁ ਪਰਮੇਸੁਰ ਕਾ ਪਰਮ ਤਤੁ ਥਾ ਤਹਾ ਜਾਇ ਨਿਵਾਸੁ ਹੂਆ । ਕੂੜ ਕੀ ਓਹੁ ਠਵਰ ਨਾਹੀ, ਸਚੁ ਸੋਭਾ ਪਾਵਤਾ ਹੈ । ਗੁਰੂ ਬਿਨਾ ਪਰਮੇਸੁਰ ਬਾਦਿ ਪਾਵਤਾ ਕਿਛੁ ਨਾਹੀ । ਜਉ ਗੁਰੂ ਮਿਲੈ ਤਉ ਪਰਮ ਗਤਿ ਪਾਵੈ, ਪਰਮੇਸੁਰੁ ਮਿਲੈ" । ਬੋਲਹੁ ਭਾਈ ਜੀ ਸ੍ਰੀ ਰਾਮ ਕ੍ਰਿਸਨ ।

ਤਉ ਉਨਹੁ ਇਸਤਰੀਅਹੁ ਕਹਿਆ ਜਿ, "ਏ ਨਾਨਕ ਜੀ ! ਤੂ ਹਮ ਐਸਾ ਚਾਹੀਦਾ ਥਾ ਤੈਸਾ ਹੀ ਪਾਇਆ ਹੈ, ਅਸਾਡੀ ਮਨਸਾ ਪਰਮੇਸੁਰ ਪੂਰੀ ਕੀਤੀ ਹੈ ਜਿ ਤੂ ਅਸਾ ਨੋ ਪਰਮੇਸੁਰ ਦੀਆ ਹੈ" । ਤਬ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਾ ਜਿ :—

ਪਾਇਅੜਾ ਵਰੁ ਬਾਲੜੀਏ, ਸਭੁ ਆਸਾ ਮਨਸਾ ਪੂਰੀ ਰਾਮ ।
ਪਿਰਿ ਰਾਵਿਅੜੀਆ ਸਾਚਿ ਸਬਦਿ ਰਲੀ ਰਵਿ ਰਹਿਆ ਨਾਹੀ ਦੂਰੀ ਰਾਮ ।
ਪਿਰੁ ਦੂਰਿ ਨ ਹੋਈ, ਘਟਿ ਘਟਿ ਸੋਹੀ; ਤਾਕੀ ਨਾਰ ਸਬਾਈ ।
ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ ਵਡਿਆਈ ।
ਅਮਰ ਅਡੋਲੁ ਅਤੋਲੁ ਪਿਆਰਾ ਗੁਰ ਪੂਰੇ ਤੇ ਪਾਈਐ ।
ਨਾਨਕ ਆਪੇ ਜੋਗ ਸੰਜੋਗੀ ਨਜਰਿ ਕਰੇ ਲਿਵ ਲਾਈਐ ਰਾਮ ॥ ੩ ॥

ਤਿਸ ਕਾ ਪਰਮਾਰਥੁ ।—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਪਰਮੇਸੁਰ ਕੀਅਹੁ ਪਿਆਰੀਅਹੁ ! ਜਿਨ ਕੰਉ ਸਾਹਿਬੁ ਕਿਰਪਾ ਕਰਿ ਕਰਿ ਮਿਲਤਾ ਹੈ, ਆਸਾ ਤਿਨ ਹੀ ਕੀ ਵਰਿ ਆਵਤੀ ਹੈ । ਅਰੁ ਜਿਨਾ ਊਪਰਿ ਪਿਰੁ ਪਰਮੇਸੁਰ ਕੀ ਕਿਰਪਾ ਨਾਹੀ ਸੇਈ ਹੀ ਦੋਹਾਗਣੀ ਹੈਨਿ, ਤਿਨ ਕੈ ਆਏ ਕਾ ਫਲੁ ਕਿਛੁ ਨਾਹੀ । ਜਿਨ ਕੰਉ ਪਿਰ ਕੀ ਕਿਰਪਾ ਨਾਹੀ । ਅਰੁ ਜਿਨਹੁ ਪਿਰੁ ਪਾਇਆ ਤਿਨਹੁ ਕਿਉ ਕਰਿ ਜਾਣਿਆ ਜਿ ਇਨਹੁ ਪਰਮੇਸੁਰੁ ਪਾਇਆ ਹੈ । ਪਿਰੁ ਪਰਮੇਸੁਰੁ ਪਾਈਐ ਤਬ ਹੀ ਜਾਣੀਐ । ਜੈਸਾ ਸਾਧਹੁ ਸਬਦੁ ਬੋਲਿਆ ਹੈ ਵੈਸੀ ਹੀ ਉਸ ਕੀ ਚਾਲ ਹੋਇ, ਜੈਸਾ ਸਬਦੁ ਤੈਸਾ ਓਹੁ । ਜਿ ਐਸਾ ਸਬਦ ਸੰਉ ਮਿਲਿ ਜਾਇ । ਤਬ ਓਹੁ ਜਾਣੀਐ ਜਿ ਪਰਮੇਸੁਰ ਮਿਲਿਆ ਹੈ । ਜਬ ਲਗੁ ਸਬਦ ਕੀ ਜੈਸੀ ਚਾਲਿ ਨ ਕਮਾਵੇ ਤਉ ਲਉ ਉਹੁ ਪਰਮੇਸੁਰ ਤੇ ਭਿੰਨਿ ਹੈ, ਮਿਲਿਆ ਨਾਹੀ । ਏਸ ਦੀ ਆਸਾ ਤਬ ਪੂਰੀਐ ਜਬ ਪਰਮੇਸੁਰੁ ਮਿਲੈ । ਪਰਮੇਸੁਰੁ


ਅਸਨੀ

ਤਬ ਮਿਲੈ ਜਬ ਸਬਦ ਕੀ ਜੈਸੀ ਚਾਲ ਚਲੈ। ਜਬ ਸਬਦ ਕੀ ਚਾਲਿ ਚਲਿਆ ਤਬ ਏਸ ਕੈ ਸਾਥਿ ਠਾਕੁਰ ਜੀ ਰਵਿ ਰਹਿਆ। ਇਕ ਪਲਕ ਭਰਿ ਇਸਤੀ ਦੂਰਿ ਨ ਹੋਈ। ਇਸ ਹੀ ਕੈ ਸਾਥਿ ਲਾਗਾ ਰਹਣੈ। ਕਿਛੁ ਪਿਰੁ ਇਸ ਹੀ ਸੰਉ ਰਵਿਆ। ਅਵਰ ਸਾਥਿ ਨਾਹੀ ਨ ਸਭਿ ਠਾਕੁਰ ਕੀ ਨਾਰੀ ਹੈ, ਸਭਨਾ ਸਾਥਿ ਠਾਕੁਰੁ ਹੈ, ਪਣੁ ਭਿੰਨਿ ਭਿੰਨਿ ਹੈ। ਪਣੁ ਕਿਸ ਕੀ ਨਿਆਈ ? ਜਿਉ ਪਾਵਕੁ ਕਾਸਟ ਸਭਸ ਮਾਹਿ ਹੈ। ਪਣੁ ਜਹਾ ਪਰਗਟੁ ਹੈ ਤਹਾ ਕਾਰਜ ਸਿਧਿ ਹੋਤਾ ਹੈ। ਅਵਰੁ ਕਿਸ ਕੀ ਨਿਆਈ ? ਜਿਉ ਧਰਤੀ ਸਭਸ ਮਾਹਿ ਪਾਣੀ ਹੈ, ਪਰੁ ਕਾਰਜੁ ਸਿਧਿ ਨਾਹੀ ਹੋਤਾ। ਜਹਾ ਪਾਣੀ ਪ੍ਰਗਟੁ ਦੀਸੈ ਜਿਸੁ ਧਰਤੀ ਮਾਹਿ, ਤਹਾ ਕਾਰਜੁ ਸਿਧਿ ਹੋਇ। ਅਵਰੁ ਕਿਸ ਕੀ ਨਿਆਈ ? ਜਿਉ ਘ੍ਰਿਤੁ ਸਭਸ ਦੂਧ ਮਹਿ ਹੈ, ਪਣੁ ਕਾਰਜੁ ਸਿਧਿ ਨਾਹੀ। ਜਬ ਦਹੀ ਮਥਿਆ ਤਬ ਘੀਉ ਨਿਕਲਿਆ, ਕਾਰਜੁ ਸਿਧਿ ਹੂਆ। ਤਿਉ ਪਰਮੇਸੁਰ ਸਭਨਹੁ ਘਟਾ ਮਾਹਿ ਹੈ, ਪਣੁ ਬਿਨਾ ਸਾਧ ਪੁਰਖ ਤੇ ਕਾਰਜੁ ਸਿਧਿ ਨਾਹੀ। ਸਾਧੁ ਸਤਿਗੁਰੂ ਜਿ ਹੈ ਤਿਸੁ ਮਹਿ ਸਾਵਧਾਨੁ ਪਰਮੇਸੁਰੁ ਹੈ, ਉਸ ਕੰਉ ਮਿਲਿਐ ਕਾਰਜੁ ਸਿਧਿ ਹੈ। ਪਰਮੇਸੁਰ ਸਭਨਾ ਸਾਥਿ ਹੈ, ਪਣੁ ਉਨ ਤੇ ਕਾਰਜੁ ਸਿਧਿ ਨਾਹੀ ਬਿਨਾ ਸਾਧ ਪੁਰਖ ਤੇ। ਉਹੁ ਪਰਮੇਸੁਰੁ ਅਮਰੁ ਹੈ, ਮਰਤਾ ਨਾਹੀ। ਓਹੁ ਅਡੋਲੁ ਹੈ, ਚਲਾਇਆ ਚਲਤਾ ਨਾਹੀ। ਉਹੁ ਅਪਾਰੁ ਹੈ, ਅੰਤੁ ਪਾਇਆ ਨਾਹੀ ਜਾਤਾ। ਪਾਈਐ ਸਿ ਕਿਸ ਤੇ ਪਾਈਐ। ਜਬ ਪਰਮੇਸੁਰੁ ਗੁਰੂ ਪੂਰਾ ਮਿਲੈ ਤਬ ਹੀ ਪਰਮੇਸੁਰੁ ਪਾਈਐ। ਜਬ ਪਰਮੇਸੁਰੁ ਓਹੁ ਸੰਜੋਗ ਆਣਿ ਬਣਾਏ ਤਾ ਪਰਮੇਸੁਰੁ ਨਜਰਿ ਕਰੇ। ਉਸ ਦੀ ਨਜਰਿ ਤੇ ਲਿਵ ਲਾਗੈ"

ਤਬ ਉਨਹੁ ਕਹਿਆ, "ਉਹੁ ਵੇਲਾ ਧੰਨਿ ਜੀ, ਜਿਤੁ ਤੂ ਏਨਿ ਬਾਲੀ ਏਹਾ ਵਰੁ ਪਾਇਆ ਹੈ। ਅਸਾ ਜਿ ਲੈਣਾ ਸਾ ਸਿ ਤੂ ਲਇਆ ਹੈ, ਅਸਾਨੂੰ ਤਿਹੁ ਲੋਆ ਵਿਚਿ ਸੋਭਾ ਹੋਈ ਹੈ। ਅਗੈ ਜੋ ਲੋਕ ਨਾਨਕੁ ਨਾਨਕੁ ਕਰਦੇ ਸੇ ਜਿ ਭਲਾ ਭਲਾ ਸਿ ਹੁਣਿ ਅਖੀ ਓਹਾ ਜੇਹਾ ਡਿਠਾ ਹੈ। ਤੂ ਉਚੜੀ ਮਾੜੀ ਅਨੰਦ ਕਰਿ, ਸਭਿ ਜੀਅ ਅਸੀਂ ਤੇਰੇ ਹਹਾ। ਤੂ ਅਸਾਡਾ ਸਾਹਿਬੁ ਹੈ ਸਿਰਿ ਤਾਜੁ"। ਬੋਲਹੁ ਭਾਈ ਜੀ ਸ੍ਰੀ ਰਾਮ ਕ੍ਰਿਸਨ"। ਤਬ ਗੁਰੂ ਬਾਬੇ ਨਾਨਕ ਜੀ ਬਾਨੀ ਬੋਲਿ ਉਠਾ ਜਿ:—

ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰ ਤਾਜਾ ਰਾਮ ॥
ਹੰਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ॥
ਸਬਦੁ ਵੀਚਾਰੀ ਕਰਣੀ ਸਾਰੀ, ਰਾਮ ਨਾਮੁ ਨੀਸਾਣੋ ॥
ਨਾਮ ਬਿਨਾ ਖੋਟੇ ਨਹੀ ਠਾਹਰ, ਨਾਮੁ ਰਤਨੁ ਪਰਵਾਣੋ ॥
ਪਤਿ ਮਤਿ ਪੂਰੀ ਪੂਰਾ ਪਰਵਾਨਾ, ਨਾ ਆਵੈ ਨਾ ਜਾਸੀ ॥
ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ ॥ ੪ ॥ ੧ ॥ ੩ ॥

ਤਿਸੁ ਕਾ ਪਰਮਾਰਥੁ:—

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਏ ਠਾਕੁਰ ਜੀ ! ਜਿਉ ਇਸਤਰੀ ਕੰਉ ਮਹਾ ਰੂਪਵੰਤ ਗੁਣਵੰਤ ਜੋਬਨਵੰਤੁ ਭਰਤਾ ਪ੍ਰਾਪਤਿ ਹੋਤਾ ਹੈ ਅਰੁ ਓਹੁ ਖਰੀ ਖੁਸੀ ਹੋਤੀ ਹੈ, ਰੋਮ ਰੋਮ ਕਰਿ ਖੁਸੀ ਹੋਤੀ ਹੈ ਤਿਉ ਉਹੁ ਪਾਇ ਕਰਿ ਕਰਿ ਖੁਸਿ ਹੈ। ਉਹੁ ਤੂ ਪਿਰੁ ਜਿ ਹੈ ? ਸਿ ਕੈਸਾ ਹੈ ਤੂ ਉਚਿਆਂ ਤੇ ਉਚਾ ਹੈ। ਤਿਹੁ ਲੋਆਂ ਕਾ ਸਿਰਜਨਹਾਰਾ ਹੈ। ਜਿਉ ਇਸਤਰੀ ਪੁਰਖ ਕੰਉ ਦੇਖਿ ਕਰਿ ਖੁਸੀ ਭਈ ਤਿਉ ਹੰਉ ਤੇਰੇ ਗੁਣ ਦੇਖਿ ਕਰਿ ਖੁਸੀ ਭੇਆ ਹਉ, ਤੇਰੇ ਚਲਤ ਦੇਖਿ ਬਿਸਮਾਦਿ ਰਹਿਆ ਹੰਉ। ਤੇਰੇ ਸਬਦ ਕਾ ਅਗਾਜੁ ਸੁਣਿ ਕਰਿ ਅਨੰਦਮਾਨੁ ਹੋਇ ਰਹਿਆ ਹੰਉ। ਸੁ ਸਬਦ ਕਾ ਸੁਨਣਾ, ਸਮਝਣਾ, ਕਮਾਵਣਾ ਕੈਸਾ ਹੈ ? ਜਿਨਿ ਸਬਦ ਕੀ ਕਰਣੀ ਬੀਚਾਰੀ, ਬੀਚਾਰਿ ਕਰਿ ਚਲਿਆ ਤਿਸ ਕੀ ਕਰਤੂਤਿ ਕਰਣੀ ਸਾਰੀ ਭਈ। ਓਹੁ ਪਰਵਾਣੁ ਭਇਆ ਜਿਨਿ ਰਾਮ ਨਾਮ ਸਿਮਰਿਆ। ਤਿਸ ਕਾ ਦਰਗਹ ਨੀਸਾਨੁ ਪੜਿਆ ਜਿ ਸਹੀ। ਰਾਮ ਨਾਮ ਸਿਮਰੇ ਕਾ ਗੁਣੁ ਕਵਣੁ ਹੈ ? ਪਾਪੀ ਹੋਇ ਭਾਵੈ ਧਰਮ ਆਤਮਾ ਹੋਇ ਜਿਨਿ ਜਿਨਿ ਰਾਮ ਕੇ ਨਾਮੁ ਲੀਆ ਸੋ ਦਰਗਹ ਪਰਵਾਣੁ ਭੇਆ, ਤਿਸ ਕੀ ਪਰਮ ਗਤਿ ਭਈ। ਬਿਨਾ ਰਾਮ ਨਾਮ ਬੀ ਹੋਰੁ ਬਾਤ

ਸਭ ਖੋਟੁ ਹੈ, ਤਿਸੁ ਖੋਟ ਕੀ ਠਵਰ ਨਾਹੀ ਆਗੈ । ਉਹਾ ਸੋਈ ਪਰਵਾਣੁ ਹੋਤਾ ਹੈ ਜਿਨਾ ਰਾਮੁ ਨਾਮੁ ਸਿਮਰਿਆ ਹੈ । ਬਿਨਾ ਰਾਮ ਨਾਮ ਸਿਮਰੇ ਤੇ ਅਵਰੁ ਬਾਤ ਉਹਾ ਥਾਇ ਨਾਹੀ ਪੜਤੀ । ਜਿਨਹੁ ਨਾਮੁ ਸਿਮਰਿਆ ਤਿਨ ਕੀ ਮਤਿ ਭੀ ਪੂਰੀ, ਉਨਕੀ ਪਤਿ ਭੀ ਥਾਇ ਪੜੀ । ਉਹੀ ਦਰਗਹ ਪਰਵਾਣੁ ਭਏ, ਜਿਨਹੁ ਆਪਣਾ ਆਪੁ ਪਛਾਣਿਆ, ਨਾ ਆਵਹਿਗੇ-ਨਾ ਜਾਹਿਗੇ, ਸਦਾ ਅਬਿਨਾਸੀ ਹੋਵਹਿਗੇ । ਜਿਨੀ ਆਪੁ ਪਛਾਤਾ ਗੁਰੂ ਕੰਉ ਮਿਲਿ ਕਰਿ ਸੇ ਸਦਾ ਅਸਥਿਰੁ ਰਹਹਿਗੇ । ਰਾਮ ਨਾਮ ਸਿਮਰਨ ਕਰਿ ਕਰਿ ਉਹਿ ਪਰਮੇਸੁਰ ਹੀ ਜੈਸੇ ਅਬਿਨਾਸੀ ਹੋਵਹਿਗੇ । ਉਨ ਕਾ ਨਾਸੁ ਨਾਹੀ ਜਿਨਹੁ ਨਾਮੁ ਸਿਮਰਿਆ ਹੈ । ਏ ਰਾਮ ਕੇ ਲੋਗਹੁ ! ਏਕੋ ਇਸ ਇਸਤਰੀ ਅਰੁ ਪੁਰਖ ਕਾ ਏਹਾ ਸੁਭਾਉ ਹੈ, ਜਿ ਈਹਾ ਰੰਗ ਰਸ ਭੋਗ ਬਿਲਾਸ ਕਰਤੇ ਹੈ, ਪਣੁ ਓਹਾ ਅੰਤਿ ਮਰਿ ਜਾਤਾ ਹੈ ਪੁਰਖੁ । ਉਨ ਕਾ ਭੀ ਵਿਛੋੜਾ ਹੋਤਾ ਹੈ । ਭਰਤੇ ਬਿਨਾ ਇਸਤਰੀ ਦੁਖੁ ਪਾਵਤੀ ਹੈ, ਰੋਇਆ ਹੀ ਕਰਤੀ ਹੈ. ਪਣੁ ਭਰਤਾ ਫਿਰਿ ਨਾਹੀ ਆਵਤਾ ਅਰੁ ਮੈ ਜਿ ਠਾਕੁਰੁ ਪਿਰੁ ਪਾਇਆ ਹੈ ਸਿ ਤਿਹੁ ਲੋਆ ਕਾ ਧਣੀ, ਨ ਮਰੈ ਨਾ ਬਿਨਸੈ, ਨਾ ਆਵੈ ਨ ਜਾਇ, ਨ ਕਬਹੂ ਬੁਰਾ ਮਨਾਵੈ, ਨ ਬਿਰਧਿ ਹੋਵੈ, ਨ ਕਾਲ ਬਸਿ ਆਵੈ । ਸਦਾ ਸਰਬਦਾ ਅਸਥਿਰ ਹੈ । ਮੈ ਐਸਾ ਪਿਰੁ ਸੁਖਦਾਇਕ ਪਾਇਆ ਹੈ ਜਿਸ ਕੇ ਨਾਮਿ ਲੀਤੈ ਹੀ ਦੁਖਾ ਕਾ ਨਾਸ ਹੋਤਾ ਹੈ ਅਰੁ ਸੁਖੁ ਆਇ ਪ੍ਰਾਪਤਿ ਹੋਤੇ ਹੈ ਮੈ ਐਸਾ ਠਾਕੁਰੁ ਸਾਹਿਬੁ ਧਣੀ ਪਾਇਆ ਹੈ" ।

ਤਬ ਗੁਰੂ ਬਾਬੇ ਰਾਤਿ ਕੈ ਸਮਉ ਏਹੁ ਸਬਦੁ ਕੀਆ । ਅਰ ਇਸ ਨਾਨੁ ਕਰਿ ਕਰਿ ਪ੍ਰਾਤ ਸਮਉ ਜਨੇਤ ਮਹਿ ਆਇ ਬੈਠਾ । ਅਲਾਪਿ ਕਰਿ ਰਾਗੁ ਮੰਦਰੀ ਬਿਲਾਵਲੁ ਅਰੁ ਪੀਛੈ ਤੇ ਅਲਾਪਿ ਕਰਿ ਰਬਾਬੀ ਜਾਜਕ ਕੀਰਤਨੁ ਗਾਵਹਿ ਅਰੁ ਆਗੈ ਗੁਰੁ ਬਾਬਾ ਨਾਨਕੁ ਜੀ ਗਾਵੈ । ਪਰੁ ਜਿਨਹੁ ਗੁਰੂ ਬਾਬਾ ਨਾਨਕ ਜੀ ਗਾਵਤਾ ਸੁਣਿਆ ਤੇ ਸਦੇਹਹ ਪਰਮਗਤਿ ਗਏ । ਜਿਨਹੁ ਸੁਣਿਆ ਦੇਖਿਆ, ਜਿਨਹੁ ਗੁਰੂ ਬਾਬੇ ਕਾ ਸਬਦੁ ਬਿਰਾਣੇ ਮੁਖ ਤੇ ਸੁਣਿਆ ਤੇ ਭੀ ਮੁਕਤੇ ਭਏ । ਤ੍ਰਿਹੁ ਲੋਆਂ ਮਹਿ ਜੈ ਜੈ ਕਾਰੁ ਹੋਇਆ । ਪਰਮੇਸੁਰਿ ਏਹੁ ਸਬਦੁ ਮੰਨਿ ਲੀਆ । ਖਤ੍ਰੀ ਬ੍ਰਹਮਣ ਸੂਦ੍ਰ ਵੈਸ ਜਿਤਨਾ ਸਾ, ਜਿਤਨਾ ਮੁਸਲਮਾਨੁ ਸਾ, ਸਿ ਸਭ ਗੁਰੁ ਬਾਬੇ ਨਾਨਕ ਜੀ ਕੀ ਉਸਤਤਿ ਲਾਗੇ ਕਰਨੇ । ਜਿ "ਧੰਨ ਹੋ ਗੁਰੂ ਬਾਬਾ ਨਾਨਕੁ" । ਤਬ ਗੁਰੂ ਬਾਬੇ ਨਾਨਕ ਜੀ ਕੀ ਖਟ ਧਰੀ, ਤੇਵਰ ਬੇਵਰ, ਸੁਇਨਾ ਰੁਪਾ, ਜਵੇਹਰ ਮੋਤੀ ਕਪੜੇ ਕੈ ਸਬ ਪਟ ਕਰਮ, ਅਨੇਕ ਅਨੇਕ ਬਸਤਰ, ਪਕਵਾਨ, ਹੰਡਵਾਈਆਂ ਘੋੜੇ-ਜੋੜੇ, ਗਊਆਂ, ਵਾਹਣੀ ਜੋਇ ਮਿਲੀਆਂ ਰੂਪ ਰੰਗ ਸਾਥਿ ਬੀਆਹੁ ਹੋਆ । ਜਨੇਤ ਕੰਉ ਬਸਤਰ ਮੁਲੋ ਪਹਿਰਾਏ, ਐਸਾ ਧਰਮ ਕਾਂ ਬੀਆਹੁ ਹੂਆ । ਦਾਜ ਦਖਣਾ ਦੇ ਕਰਿ ਬਿਦਾ ਕੀਏ । ਬੀਆਹੁ ਕਰਿ ਕੈ ਤਲਵੰਡੀ ਆਏ, ਘਰਿ ਆਇ ਵੜੇ ਦਾਜੁ ਬਿਸਤਾਰਿ ਕਰਿ ਕੁੜਮਾ ਪੰਚਾ ਨੋ ਦਿਖਾਇਆ । ਜਿਨ ਜਿਨ ਕੰਉ ਬਸਤਰ ਦੇਣੇ ਸੇ ਤਿਨ ਤਿਨ ਕੰਉ ਤੇਵਰ ਬੇਵਰ ਬਾਟਿ ਦੀਏ । ਲਾਗੀਅਹੁ ਲਾਗ ਲੀਏ; ਭਟਾਂ ਬ੍ਰਹਮਣਹੁ ਕੰਉ ਪਟੰਬਰ ਪਾਏ, ਸਰਬ ਲੋਕ ਖੁਸੀ ਹੋਏ । ਗੁਰੂ ਬਾਬੇ ਕਾ ਬੀਆਹੁ ਹੋਆ । ਬੋਲਹੁ ਭਾਈ ਜੀ ਵਾਹੁਗੁਰੁ ।

## ਸਲੋਕੁ ॥

ਰਾਮ ਰਾਮ ਰਾਮ ਸਿਮਰਿਐ ਰਸਨਾ ਆਨ ਨ ਲਾਗੁ ।
ਇਹੀ ਸਿਆਨਪ ਰਾਮੁ ਜਪੁ ਦਾਸ ਨਾਨਕ ਅਵਰੁ ਤਿਆਗੁ ॥੧੨॥

ਬੋਲਹੁ ਭਾਈ ਜੀ ਸ੍ਰੀ ਰਾਮੁ ਕ੍ਰਿਸਨ, ਵਾਹੁਗੁਰੂ, ਧੰਨੁ ਗੁਰੂ, ਸਤਿਗੁਰੂ ! ਰਾਮੁ ਸਤਿ, ਗੁਰੂ ਸਤਿ, ਸਤਿ ਨਾਮੁ ਕਰਤਾ ਪੁਰਖੁ ਸਤਿਗੁਰੂ ਪਰਸਾਦਿ ॥ ੧੨ ॥

# ਸ੍ਰੀ ਬੀਰਮ੍ਰਿਗੇਸ਼ ਗੁਰਬਿਲਾਸ ਦੇਵਤਰੂ ਅਥ ਕਥਾ ਪ੍ਰਸੰਗਾ

## ੧ ਸਕੰਧ ਪੂਰਬਾਰਧ

ੴ ਤਤ ਸਤ

ਸੋਰਠਾ ॥ ਭਾਵੀ ਅਤਿ ਬਲਵਾਨ ਮੇਟਿ ਨ ਸਾਕਿ ਤਾਹਿ ਕੋ ॥
ਬਡੇ ਬੀਰ ਸੁਰ ਗਯਾਨ ਭਾਵੀ ਕੋ ਬਲ ਸਿਰ ਧਰੈ ॥ ੧ ॥
ਦਿੱਲੀ ਕੋ ਸਿਰ ਤਾਜ ਰਾਜ ਸਿੰਘ ਰਣ ਜੀਤ ਹਿਤ ॥
ਦੇਵਨ ਕੋ ਮਹਾਰਾਜ ਮਗਹੀਮੈ ਸੋ ਫਿਰੈ ਗੋ ॥ ੨ ॥

ਅਥ ਕਥਾ ਪ੍ਰਸੰਗ ॥

ਏਕ ਸਮੇਂ ਹਜ਼ੂਰ ਸ੍ਰੀ ਗੁਰੂ ਸਾਹਿਬ ਸਿੰਘ ਜੀ ਚਪੜਾਲ ਮੈਂ ਉਤਰੇ ਹੂਏ ਥੇ ਜੋ ਰਾਜਾ ਧਿਰਾਜ ਰਣਜੀਤ ਸਿੰਘ ਭੀ ਸੈਨਾ ਸਾਥ ਲੈ ਕੈ ਲਵਪੁਰ ਸੇ ਚਲਕੈ ਤਹਾਂ ਹੀ ਹਜ਼ੂਰ ਕੋ ਜਾਇ ਮਿਲਯਾ। ਜਬ ਜਾਇ ਕੈ ਸ੍ਰੀ ਗੁਰੂ ਜੀ ਕੇ ਪ੍ਰਸ਼ਾਦਿ ਔ ਭੇਟਾ ਆਗੇ ਰਖਕੈ ਮਥਾ ਟੇਕਕੈ ਮਹਾਰਾਜ ਜੀ ਕੀ ਆਗਯਾ ਪਾਇਕੈ ਸਮੀਪ ਬੈਠਤਾ ਭਯਾ ਤਬ ਸ੍ਰੀ ਗੁਰੂ ਉਵਾਚ, ਵੋ ਰਣਜੀਤ ਸਿੰਘਾ ਇਤਨੀ ਸੈਣਾ ਸਾਥ ਲੈ ਕੇ ਆਯਾ ਹੈ ਕਹਾਂਕੀ ਮੁਹਿਮ ਕਰਣੇ ਚਲਾ ਹੈ। ਤਬ ਸਰਕਾਰ ਨੇ ਕਹਯਾ ਸਾਹਿਬ ਜੀ ਕਾਸਮੀਰ ਮੇਂ ਕ੍ਰਿਪਾ ਰਾਮ ਸੂਬਾ ਆਕੀ ਹੋਇ ਬੈਠੇ ਹੈ ਤਿਸਕੇ ਊਪਰ ਚਢਾਈ ਕਰੀ ਹੈ। ਤਬ ਬਚਨ ਹੂਆ ਕੇ ਕਲਮ ਕਾਟਨੇ ਹਾਰੇ ਏਕ ਮੁਨਸ਼ੀ ਪਰ ਇਤਨੀ ਸੈਨਾ ਲੈ ਕੇ ਚਲਯੋ ਹੈ ਕਯਾ ਵੋ ਏਕ ਮੁਨਸ਼ੀ ਵਿਚਾਰਾ ਕਯਾ ਕਰ ਸਕਤੋ ਹੈ ਤਿਸਵਰਾਕ ਪਰ ਚਢਾਈ ਕਰਣੇ ਸੇ ਤੁਝ ਕੋ ਸ਼ਰਮ ਨਹੀਂ ਆਤੀ ਹੈ ਵੋਤੋ ਆਪ ਹੀ ਸਲਾਮੀ ਹੋ ਜਾਇਗੋ ਚਲ ਤੁਝ ਕੋ ਦਿਲੀ ਕਾ ਤਖਤ ਲੈ ਦੇਵੇ। ਐਸੇ ਹਜੂਰ ਕੇ ਵਾਕਯ ਸੁਨਕੈ ਕਹਨੇ ਲਾਗੋ ਅਛਾ ਸਾਹਿਬ ਜੀ ਜੈਸੇ ਆਪ ਕੋ ਹੁਕਮ ਐਸੇ ਕਹਕੇ ਸ੍ਰੀ ਗੁਰੂ ਜੀ ਕੇ ਸਾਥ ਹੀ ਦਿਲੀ ਊਪਰ ਚਢਾਈ ਕਰ ਦੇਤਾ ਭਯਾ। ਜਬ ਸਤਦ੍ਰ ਸੇ ਪਾਰ ਪਹੁੰਚੇ ਤਬ ਮੈਣ ਦਵਾਬ ਕੇ ਸਰਦਾਰੋਂ ਕੋ ਲੂਟਨੇ ਮਾਰਨੇ ਲਾਗਾ। ਜਬ ਰਾਜੇ ਸਾਹਿਬ ਸਿੰਘ ਕੋ ਪਕੜਯਾ ਔ ਤਿਸਸੇ ਕਹਯਾ ਸਰਕਾਰ ਨੇ ਕੇ ਬਾਬਾ ਜੀ ਲਖ ਰੁਪਯਾ ਦੇਵੋ ਤਬ ਛੂਟੋਗੇ। ਤਬ ਰਾਜੇ ਸਾਹਿਬ ਸਿੰਘ ਨੇ ਰਣਜੀਤ ਸਿੰਘ ਸੇ ਕਹਯੋ ਵੋ ਮੁੰਡਯਾ ਗੁਰੂ ਕੀ ਦੇਗ ਸੇ ਪ੍ਰਸਾਦਿ ਛਕ ਸੈਨਾ ਸਹਤ ਰੁਪੈ ਕਯਾ ਹੋਤੇ ਹੈਂ ਪੁਨਾ ਸਰਕਾਰ ਨੇ ਕਹਯੋ ਕੇ ਬਾਬਾ ਜੀ ਜੋ ਆਪਨੇ ਛੁਟਨੇ ਹੈ ਤੋ ਲਖ ਰੁਪਯਾ ਦੇ ਡਾਰੋ ਨਹੀ ਤੋ ਬੈਠੇ ਰਹੋ ਈਹਾਂ ਹੀ, ਪੁਨਾ ਸਰਦਾਰ ਨੇ ਕਹਯਾ ਵੋ ਮੁੰਡਯਾ ਪ੍ਰਸਾਦਿ ਛਕ ਗੁਰੂ ਕੀ ਦੇਗ ਕਾ ਔਰ ਏਹ ਕਹੁ ਤੂੰ ਚਲਯਾ ਕਹਾਂ ਹੈਂ। ਤਬ ਸਰਕਾਰ ਨੇ ਕਹਯੋ ਬਾਬਾ ਜੀ ਦਿਲੀ ਪਰ ਚਢਾਈ ਕਰੀ ਹੈ ਸੁਥੂ ਔਰ ਪੈਜਾਮੇ ਤੇ ਕੁੜਤੇ ਆਦਿਕ ਪੁਸਾਕਾਂ ਪਹਰੇ ਹੂਏ ਬਨੇ ਤਨੇ ਖੂਬ ਬਾਂਕੇ ਸੂਕੇ ਸਿਖੋਂ ਕੋ ਦੇਖਕੇ ਰਾਜੇ ਸਾਹਿਬ ਸਿੰਘ ਨੇ ਸਰਕਾਰ ਸੇ ਕਹਯੋ ਵੋ ਮੁੰਡਿਯਾ ਦਿਲੀ ਪਰ ਮੁਹਿਮ ਔ ਯੁਧ ਕੋ ਸਮਯਾਨ ਏਹ ਬਾਜਯਾਂ ਜੈਸਯਾਂ ਲੈ ਚਲਯਾ ਹੈ ਇਨੋਂ ਨੇ ਅੰਗ੍ਰੇਜ਼ੋਂ ਸੇ ਯੁਧ ਕਰਨੋ ਹੈ ਯੇਹ ਤੋ ਤੋਪੋਂ ਕਾ ਸਬਦ ਸੁਨ ਕੇ ਐਸੋ ਭਾਗ ਜਾਵੇਂਗੇ ਜੈਸੇ ਬੰਦੂਕ ਕੋ ਅਵਾਜੋ ਸੁਣ ਕੇ ਬ੍ਰਿਛ ਪਰ ਸੇ ਚਿੜਯਾਂ ਉਡ ਜਾਤੀਯਾਂ ਹੈ। ਆਪ ਸੈਨਾ ਸਹਤ ਰਾਜਾ ਸਾਹਿਬ ਸਿੰਘ ਨੇ ਅਪਨੇ ਸਰੀਰ ਕੀ ਐਸੀ ਧਾਰਣਾ ਰਖੀ ਹੂਈ ਥੀ ਸਾਧਾਰਨ ਜੈਸੀ ਦੋ ਕਛਹਿਰੇ ਏਕ ਖਦਰ ਕੀ ਗਾਤੀ ਮਾਰ ਛੋਡਨੀ ਔ ਸੁਧੀ ਪਗੜੀ ਔ ਤਰਵਾਰ ਨੇਜਾ ਬੰਦੂਕ ਤਮੰਚਾ ਪੇਸਕਬਜ ਧਨੁਖ ਬਾਣ ਢਾਲ ਆਦਿਕ ਸ਼ਸ਼ਤ੍ਰ ਰਖਤੇ ਥੇ ਇਸੀ ਪ੍ਰਕਾਰ ਸੇ ਮੈਣ ਦੂਾਬ ਕੇ ਔਰ ਭੀ ਸਰਦਾਰੋਂ ਕੋ ਪਕੜ ਪਕੜ ਕੇ ਤੰਗ ਕਰਤਾ ਭਯਾ। ਪੁਨਾ ਨੰਦਕੌਰ ਨਾਮ ਸੇ ਪ੍ਰਸਿਧ ਅੰਬਾਲੇ ਕੀ ਏਕ ਸਰਦਾਰਨੀ ਵਿਧਵਾ ਉਸ ਕਾ ਮੁਲਖ ਜ਼ਪਤ ਕਰਲੀਆ ਤਬ ਵੋ ਸਰਦਾਰਨੀ ਸ੍ਰੀ ਗੁਰੂ ਸਾਹਿਬ

ਸਿੰਘ ਜੀ ਕੇ ਹਜ਼ੂਰ ਆਇ ਕੇ ਬੇਨਤੀ ਕਰਤੀ ਭਈ। ਹੇ ਪ੍ਰਭ ਜੀ ਆਪਨੇ ਹਮਾਰੇ ਲੋਕੋਂ ਗਰੀਬੋਂ ਕੀ ਰਖਯਾ ਲੀਏ ਸਰਕਾਰ ਕੋ ਵਾੜ ਰੂਪ ਬਨਾਇ ਖੜਾ ਕੀਓ ਹੈ ਸੋ ਅਬ ਵਾੜ ਹੀ ਖੇਤੀ ਕੋ ਖਾਨੇ ਲਾਗ ਪਰੀ ਹੈ ਤਬ ਰਖਯਾ ਕਿਸਨੇ ਕਰਨੀ ਹੈ। ਇਤਨੇ ਮੈ ਮਹਾਰਾਜ ਜੀ ਨੇ ਅਪਨਾ ਹੁਕਮ ਨਾਵੇਂ ਭੇਜ ਕੇ ਸਰਕਾਰ ਕੋ ਅਪਨੇ ਹਜ਼ੂਰ ਬੁਲਾਯਾ। ਤਬ ਸਰਕਾਰ ਰਣਜੀਤ ਸਿੰਘ ਸਾਹਿਬ ਕੇ ਹਜ਼ੂਰ ਆਇਕੇ ਪ੍ਰਨਾਮ ਕਰਕੇ ਜਬ ਬੈਠ ਗਯੋ ਤਬ ਹਜ਼ੂਰ ਨੇ ਬਚਨ ਕੀਆ: ਕਿਓ ਵੇ ਰਨਜੀਤ ਸਿੰਘਾ ਹਮ ਤੋ ਤੇਰੇ ਕੋ ਇਨ ਗਰੀਬੋ ਕੀ ਰਖਯਾ ਵਾਸਤੇ ਦਿਲੀ ਕੇ ਤਖਤ ਪਰ ਲੇ ਚਲੇ ਹੈਂ ਔ ਤੂੰ ਅਬਹੀ ਸੇ ਰੰਡਯਾਂ ਬਿਧਵਾ ਕੀਯਾ ਛਿਲੋਂਟੀਆਂ ਉਤਾਰਣੇ ਲਾਗ ਪੜਯੋ ਹੈ ਇਸ ਗਰੀਬਨੀ ਕਾ ਮੁਲਖ ਵਾਗੁਜਾਰ ਕਰਦੇ ਤਥਾ ਔਰ ਭੀ ਮੈਣ ਦੁਾਬੀ ਸਰਦਾਰੋਂ ਪਰ ਕ੍ਰਿਪਾ ਰਖ ਇਨਕੋ ਦੁਖ ਸੰਤਾਪ ਨ ਦੇਵੈ। ਇਮ ਪ੍ਰਕਾਰ ਕੇ ਹਜ਼ੂਰ ਕੇ ਵਚਨ ਸੁਣਕੇ ਸੁਕਾਰ ਰਣਜੀਤ ਸਿੰਘ ਐਸੋ ਉਤ੍ਰ ਦੇਤੋ ਭਯੋ ਮਹਾਰਾਜ ਜੀ ਆਪ ਰਾਜ ਨੀਤਿ ਕੀ ਬਾਤ ਕੇ ਨਹੀਂ ਜਾਨਤੇ ਹੋ। ਜਬ ਮੈਂ ਇਨਕੇ ਸਿਰ ਪਰ ਕੁਛ ਭੀ ਕਰਨ ਠਹਰਾਵੇਂਗੋ ਤਬ ਮੁਝਕੋ ਰਾਜਾ ਕਉਨ ਜਾਨੈਗੋ। ਇਤਨੋ ਕਹਨੇ ਸਰਕਾਰ ਕੋ ਸੁਣਕੇ ਕੁਛਕ ਸਕੋਪ ਹੋਕੇ ਸਾਹਿਬ ਬਚਨ ਕਰਤੇ ਭਏ ਕਿਉ ਵੇ ਮੈ ਰਾਜ ਨੀਤੀ ਕੀ ਬਾਤਕੋ ਨਹੀਂ ਜਾਨਤਾ ਹੂੰ ਔ ਤੂੰ ਕਲਕੋ ਛੋਕਰੇ ਹੋ ਕੇ ਰਾਜ ਨੀਤੀ ਕੀ ਬਾਤ ਕੋ ਬਹੁਤ ਜਾਨਤੋ ਹੈ ਤੂੰ ਰਾਜ ਨੀਤੀ ਬਹੁਤ ਸੀ ਪੜ੍ਹਯੋ ਹੈ। ਐਸੀ ਐਸੀ ਸਿਖਯਾ ਕੀ ਬਾਤੇਂ ਰਾਜਾ ਰਣਜੀਤ ਸਿੰਘ ਸੁਨਕੇ ਅੰਗੀਕਾਰ ਨ ਕਰਤੋ ਹੁਓ ਇਸਕਾ ਮੁਲਖ ਮੈਂ ਨਹੀਂ ਛੇਵੇਂਗੋ ਐਸੋ ਹਜ਼ੂਰ ਕੇ ਸਨਮੁਖ ਉਤ੍ਰ ਦੇ ਕੇ ਅਪਨੇ ਡੇਰੇ ਕੋ ਚਲਯੋ ਆਯੋ। ਇਤਨੇ ਮੈ ਤਿਸ ਸਰਦਾਰਨੀ ਕੋ ਧੀਰਯ ਦੇ ਕੇ ਘਰ ਕੋ ਬਿਦਾ ਕਰਤੇ ਹੀ ਥੇ ਜੋ ਏਕ ਰਵਦਾਸਯੋਂ ਸਿਖ ਆਵਤੋ ਭਯੋ ਬਡੀ ਸੰਗਤ ਰਵਿਦਾਸਯੋਂ ਕੀ ਸਾਥ ਲੈ ਕੇ। ਸਭੀ ਰਵਿਦਾਸਯੋ ਸਿੰਘ ਹਜ਼ੂਰ ਕੇ ਸਨਮੁਖ ਆਇਕੇ ਬੇਨਤੀ ਕੇ ਸਬਦ ਬੋਲਤੇ ਹੂਏ ਕੋਈ ਤੋ ਕਪੜੇ ਕੇ ਥਾਨ ਕੋਈ ਰੁਪਯਾ ਕੋਈ ਮੋਹਰ ਕੋਈ ਪੈਸੇ ਕੋਈ ਸੂਤਕੇ ਲਛੇ ਕੋਈ ਸੂਤਕੇ ਅੱਟੇ ਇਸ ਪ੍ਰਕਾਰ ਕੀ ਭੇਟਾ ਸ੍ਰੀ ਗੁਰੂ ਜੀ ਕੇ ਦ੍ਰਿਸਟੀ ਗੋਚਰ ਫਰਕ ਨਾਲ ਰਖ ਰਖ ਕੇ ਮਥਾ ਟੇਕ ਟੇਕ ਕੇ ਹਾਥ ਜੋੜ ਕੇ ਸਨਮੁਖ ਹਜ਼ੂਰ ਕੇ ਹੋਤੇ ਜਾਵ। ਜਬ ਸੰਗਤ ਨੇ ਮਥਾ ਟੇਕ ਲੀਆ ਔ ਹਾਥ ਜੋੜ ਕੇ ਸਭੀ ਠਾਂਡੇ ਹੋ ਜਾਤੇ ਭਏ ਤਬ ਇਨ ਸਰਬ ਕੀ ਓਰ ਦ੍ਰਿਸਟੀ ਕਰਕੇ ਸੰਗਤ ਕੇ ਮੁਖਯੇ ਪ੍ਰਤਿ ਬਚਨ ਕਰਤੇ ਭਏ। ਕਿਉਂ ਵੋਹ ਵਿਸਾਵਾ ਸਿੰਘਾ ਯੇਹ ਕਾਣੋ ਦੇਵ ਬੇਵਾ ਇਸਤ੍ਰੀਯਾਂ ਕੀਆਂ ਛਿਲੋਟੀਆਂ ਛੀਨਨੇ ਲਾਗ ਪਰੋ ਹੈ ਔ ਆਗੇ ਕੋ ਚਲਯੋ ਜਾਤੋ ਹੈ ਇਸ ਕੋ ਤੂੰ ਹਟਾਇ ਨਹੀਂ ਸਕਤੋ ਹੈ। ਐਸੇ ਬਚਨ ਸ੍ਰੀ ਗੁਰੂ ਸਾਹਿਬ ਸਿੰਘ ਕੋ ਸੁਣਕੇ ਭਾਈ ਵਸਾਵਾ ਸਿੰਘ ਅਰਜ ਕਰਤੋ ਭਯੋ। ਹੇ ਸਚੇ ਪਾਤਸਾਹੁ ਜੀ ਦਿਲੀ ਕਾ ਤਖਤ ਇਸਕੋ ਦੇਨੇ ਲੀਏ ਨਿਸ਼ਾਨ ਪਕੜਕੇ ਆਪ ਆਗੇ ਆਗੇ ਜਾਤੇ ਹੋ ਔ ਮੁਝ ਕੋ ਕਹਤੇ ਹੋ ਕੇ ਤੂੰ ਇਸਕੋ ਹਟਾਇ ਨਹੀਂ ਸਕਤੋ ਹੈ ਮੇਰੀ ਕਯਾ ਸਾਮਰਥ ਹੈ ਆਪਕੋ ਅਗਵਾਨੀ ਹੋਤਯਾਂ। ਆਪ ਨੇਕ ਨਿਸਾਨ ਲੇ ਕੇ ਅਪਨਾ ਡੇਰਾ ਪੀਛੇ ਹਟਾਇ ਕੇ ਡਾਰੋ ਫਿਰ ਦੇਖੋ ਮੈ ਮਾਰਕੇ ਪੀਛੇ ਕੋ ਹਟਾਇ ਦੇਤਾ ਹੂੰ। ਐਸੀ ਅਰਜ਼ ਵਿਸਾਵਾ ਸਿੰਘ ਕੀ ਸੁਣਕੇ ਬਚਨ ਹੂਆ ਕੇ ਅਛਾ ਹਮ ਅਬ ਈਹਾਂਸੇ ਡੇਰਾ ਉਠਾਇ ਕੇ ਪਸਚਮ ਕੀ ਓਰ ਕਰਲੇਤੇ ਹੈਂ ਅਬ ਇਸਕੇ ਆਗੇ ਨਿਸ਼ਾਨ ਨਹੀਂ ਚਲੈਗੋ। ਉਸ ਦਿਨ ਸਿੰਘੋਂ ਕੀ ਸੁਬਾਦ ਮੈ ਸ੍ਰੀ ਗੁਰੂ ਜੀ ਕੇ ਡੇਰੇ ਥੇ ਐਸੇ ਕਹਕੇ ਤਾਤ ਕਾਲ ਹੀ ਆਪ ਮਹਾਰਾਜ ਜੀ ਅਸ੍ਵਾਰ ਹੋ ਕੇ ਸੁਬਾਦ ਸੇ ਪਸਚਮ ਕੀ ਓਰ ਥੋਰੋ ਸੋ ਹਟਕੇ ਹੋਇ ਉਤ੍ਰੇ। ਔ ਭਾਈ ਵਸਾਵਾ ਸਿੰਘ ਭੀ ਸੰਗਤ ਆਪਨੀ ਕੋ ਸਾਥ ਲੈ ਕੇ ਸਾਹਿਬ ਕੇ ਚਰਣੋਂ ਪਰ ਦੂਰ ਸੇ ਪ੍ਰਣਾਮ ਕਰਕੇ ਆਪਨੇ ਡੇਰੇ ਕੋ ਚਲੇ ਆਤੇ ਭਏ। ਜਬ ਅਧੀ ਕੁ ਰਾਤ੍ਰੀ ਭਈ ਤਬ ਸਰਕਾਰ ਰਣਜੀਤ ਸਿੰਘ ਕੋ ਅਕਸ ਮਾਤ੍ਰ ਸੇ ਅਤਯੰਤ ਭਯੇ ਆਇਕੇ ਪ੍ਰਾਪਤ ਹੂਆ ਜਿਸਕੋ ਸਹਾਰਣੇ ਕੋ ਅਸਮਰਥ ਹੋ ਕੇ ਉਸੀ ਕਾਲਮੈ ਇਕੇਲੋ ਹੀ ਘੋੜਯੋਂ ਕੀ ਢਾਕ ਪਰ ਅਸ੍ਵਾਰ ਹੋਕੇ ਦਿਨ ਚਢੇ ਲਵ ਪੁਰ ਮੈਂ ਆਇ ਦਾਖਲ ਹੁਆ। ਇਧਰ ਸ੍ਰੀ ਗੁਰੂ ਜੀ ਭੀ ਮੈਣ ਦੁਾਬ ਸਾਰੀ ਕਾ ਸੈਲ ਕਰਕੇ ਸਨੇ ਸਨੇ ਅਪਨੀ ਰਾਜਧਾਨੀ ਕੋ ਚਲੇ ਆਵਤੋ ਭਯੇ। ਉਧਰ ਸਰਕਾਰ ਸੇ ਬਿਨਾ ਸਰਕਾਰ ਕੀ ਸੈਨਾ ਮੇਂ ਅੰਧਕਾਰ ਹੋ ਜਾਤੇ ਭਯੋ ਜੈਸੇ ਸੂਰਯ ਕੇ ਅਸਤਾਚਲ ਕੋ ਪ੍ਰਾਪਤ ਹੂਏ ਪੀਛੇ ਇਸ ਲੋਕ ਮੈਂ ਅੰਧਕਾਰ ਹੋ ਜਾਤੋ ਹੈ ਤਬ ਰਾਜਾ ਬਿਨਾ ਸੈਨਾ ਕੋ ਧੀਰਜ



ਅਪਨੀ

ਟੂਟ ਜਾਤੇ ਭਯੇ ਇਤਨੇ ਮੈ ਸਰਕਾਰ ਕੋ ਹੁਕਮ ਆਇ ਗਯੇ ਜੋ ਸਭੀ ਸੈਨਾ ਪੀਛੇ ਕੋ ਹਟ ਆਵੈ। ਉਧਰ ਸਰਬ ਮੈਣ ਦੁਾਬੀ ਸਰਦਾਰੋਂ ਨੇ ਆਪਸ ਮੈ ਸਭਾ ਲਗਾਇਕੇ ਗੁਰਮਤੇ ਪਕਾਯੇ ਕਿ ਮਹਾਰਾਜਾ ਰਣਜੀਤ ਸਿੰਘ ਕੀ ਮਾਤਹਿਤੀ ਸੇ ਅੰਗ੍ਰੇਜ਼ਾਂ ਕੀ ਮਾਤਹਿਤੀ ਰਾਜਨੀਤੀ ਅਨੁਸਾਰ ਉਚਿਤ ਹੈ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਝਟ ਪਟ ਮਾਰ ਛੋਡੇਗਾ ਅਤੇ ਅੰਗ੍ਰੇਜ਼ਾਂ ਦੇ ਮਾਤਹਿਤ ਬਹੁਤ ਕਾਲ ਤਕ ਦੂਰਅੰਦੇਸ਼ੀ ਨਾਲ ਨਿਰਬਾਹ ਹੋ ਸਕਦਾ ਹੈ। ਰਣਜੀਤ ਸਿੰਘ ਕੇ ਸਾਥ ਭੀ ਬਡੀ ਭਾਰੀ ਪਰਬਲ ਸੈਣਾ ਹੈ ਔ ਯੁਧ ਕੇ ਸਮਯਾਨ ਬਡੇ ਭਾਰੀ ਹੈ। ਔ ਅੰਗ੍ਰੇਜ਼ੋਂ ਸਾਥ ਭੀ ਯੁਧ ਕਰਣੇ ਕੀ ਹਮਾਰੀ ਸਾਮਰਥ ਨਹੀਂ ਹੈ ਕਾਹੇ ਤੇ ਇਤਨੇ ਸਮਯਾਨ ਕੇ ਅਭਾਵ ਸੇ ਕਾਹੇ ਤੇ ਇਨਕੀਆਂ ਸਿਖਯਤ ਕਲਮੀ ਫੌਜਾਂ ਹੈ ਔ ਅਪਨੇ ਭਾਈ ਚਾਰੇਂ ਖੁਲਯਾਂ ਫੌਜਾਂ ਹੈ। ਇਸਸੇ ਛਿਆਨੀ ਮਨਜ਼ੂਰ ਕਰਕੇ ਅੰਗ੍ਰੇਜ਼ੋਂ ਕੋ ਅਪਨੇ ਸਹਾਯਕ ਬਨਾਇ ਲੇਵੇ ਇਸ ਬਿਚਾਰ ਸੇ ਮੈਨ ਦੁਾਬਯੇ ਸਰਦਾਰੋਂ ਨੇ ਮੰਤ੍ਰ ਪਕਾਇਕੇ ਛਿਆਨੀ ਮਨਜ਼ੂਰ ਕਰਕੇ ਅੰਗ੍ਰੇਜ਼ ਕੀ ਛਾਵਨੀ ਲਵਪੁਰ ਕੇ ਸਿਰ ਪਰ ਲੁਦਹਾਨੇ ਔ ਫ਼ਿਰੋਜ਼ਪੁਰ ਮੈ ਆਇ ਪਵਾਈ। ਸਤਦ੍ਰ ਸੇ ਉਰਲੇ ਪਾਰ ਰਾਜ ਸਰਕਾਰ ਰਣਜੀਤ ਸਿੰਘ ਕੋ ਔ ਪਰਲੈ ਪਾਰ ਰਾਜ ਰਾਜਯੋਂ ਕੋ ਅੰਗ੍ਰੇਜ਼ ਕੋ ਮੈਨ ਦੁਾਬੀ ਸਰਦਾਰੋਂ ਕਾ ਸਹਾਯਕ ਜਾਨਕੈ ਸਰਕਾਰ ਨੇ ਉਨ ਰਜਵਾੜਯੋਂ ਕੋ ਨ ਛੇੜਿਯਾ ਜਿਤਨਾ ਕਾਲ ਲਵਪੁਰ ਕੋ ਰਾਜ ਬਨਯੋ ਰਹੋ ਉਤਨਾ ਕਾਲ ਸਰਕਾਰ ਕੋ ਉਨਹੋਂ ਨੇ ਕੁਛ ਭੀ ਨਹੀਂ ਦੀਓ ਹੈ ਤਿਸਤੇ ਬਾਦ ਛਯਾਨੀ ਚੁਕ ਜਾਤੀ ਭਈ। ਜਿਤਨਾ ਚਿਰ ਅੰਗ੍ਰੇਜ਼ੋਂ ਨੇ ਅਪਨੇ ਕਬਜ਼ੇ ਮੈਣ ਦੁਾਬ ਦਾ ਦੇਸ ਨਹੀਂ ਕੀਆ ਉਤਨਾ ਚਿਰ ਸਰਦਾਰਨੀ ਨੰਦ ਕੌਰ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੈ ਹਜ਼ੂਰ ਰਹੀ ਜਬ ਉਪਦ੍ਰਵੋਂ ਕੀ ਸ਼ਾਂਤੀ ਭਈ ਤਬ ਅੰਗ੍ਰੇਜ਼ੋਂ ਨੇ ਰਾਣੀ ਨੰਦ ਕੌਰ ਕੋ ਲਿਖਯਾ ਕੈ ਰਾਣੀ ਸਾਹਿਬ ਤੁਮ ਆਇਕੇ ਅਪਨਾ ਮੁਲਖ ਸੰਭਾਲ ਲੇਵੋ। ਅੰਗ੍ਰੇਜ਼ੀ ਪਰਵਾਨੇ ਬਾਚਕੇ ਹਜ਼ੂਰ ਕੀ ਆਗਯਾ ਲੈ ਕੇ ਰਾਣੀ ਨੇ ਅਪਨੇ ਦੇਸ ਪਰ ਜਾਇਕੇ ਅਪਨਾ ਕਬਜਾ ਪੁਨਾ ਕਰਲੀਆ। ਇਸ ਪ੍ਰਕਾਰ ਸੇ ਸ੍ਰੀ ਗੁਰੂ ਜੀ ਕੇ ਅਨੰਤ ਹੀ ਚਰਿਤ੍ਰ ਹੈਂ ਕਹਾਂ ਪ੍ਰਯੰਤ ਲਿਖੇਂਗੇ ਭਾਈ ਚੰਦਾ ਸਿੰਘ ਗਜਨੀ ਵਾਰੇ ਜੈਸੇ ਆਇ ਕੈ ਸਤ ਗੁਰੂ ਜੀ ਕੇ ਸਿਸ ਹੋਤੇ ਭਯੇ ਹੈ ਇਤਯਾਦਿਕ ਕਥਾ ਪ੍ਰਸੰਗ ਬਾਬਾ ਗੰਡਾ ਸਿੰਘ ਜੀ ਨੇ ਸ੍ਰਿਤ ਗੁਰੂ ਸਾਹਿਬ ਸਿੰਘ ਚੰਦ੍ਰੋਦਯ ਨਾਮ ਗੁਰ ਬਿਲਾਸ ਮੈ ਲਿਖੇ ਹੂਏ ਭੀ ਹੈਂ ਤਥਾਪੀ ਸੰਖੇਪ ਸੇ ਕੁਛਕ ਪ੍ਰਸੰਗ ਈਹਾਂ ਭੀ ਲਿਖ ਦੇਤੇ ਹੈਂ।

ਤਥਾ ਜੈਸੇ ਸਵਾ ਲਾਖ ਘੋੜਯੋਂ ਕੈ ਅਸਵਾਰੋਂ ਕਾ ਪਤਿ ਇੰਦੌਰ ਕਾ ਰਾਜਾ ਜਸਵੰਤ ਰਾਇ ਅੰਗ੍ਰੇਜ਼ੋਂ ਸੇ ਯੁਧ ਕਰਕੈ ਬਹੁਤ ਬਰਸੋਂ ਪ੍ਰਯੰਤ ਅੰਤ ਕੋ ਹਾਰ ਕੈ ਸਰਕਾਰ ਰਣਜੀਤ ਸਿੰਘ ਕੈ ਪਾਸ ਪਹੁੰਚਤੇ ਭਯੇ ਇਤਨੇਕ ਵਰੂ ਜਸਵੰਤ ਰਾਇ ਮਰਹਟੇ ਧਨੀ ਥੇ ਕੇ ਜਿਸਕੇ ਏਕ ਹਸਤੀ ਕੇ ਸੰਗਲ ਕੋ ਮੋਲ ਸਰਕਾਰ ਕੀ ਸਾਰੀ ਬਾਦਸਾਹਿਤ ਮੈਂ ਕਿਸੀ ਸੇ ਨ ਨਿਕਸਯੋ। ਸ੍ਰੀ ਜਵਾਲਾ ਮੁਖੀ ਕੋ ਦਰਸਨ ਕਰਕੇ ਊਨੇ ਸਾਹਿਬ ਮੈ ਜਾਇਕੇ ਹੀਰੇ ਮਣੀਆਂ ਨਾਨਾ ਪ੍ਰਕਾਰ ਕੀਆਂ ਮੋਤੀ ਗਜ ਮੋਤੀ ਦਸ ਦਸ ਹਜ਼ਾਰ ਕੀ ਜੋੜੀ ਮੋਤਯੋਂ ਕੀ ਜਿਸ ਮੈ ਥੀ ਐਸੀ ਜਵਾਹਰਾਤ ਜੜਾਊ ਸੁਵਰਣ ਕੇ ਥਲੋਂ ਮੈਂ ਭਰਕੇ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੈ ਆਗੇ ਰਖਕੇ ਮਥਾ ਟੇਕਕੇ ਬੇਨਤੀ ਕਰਤੇ ਭਯੇ। ਹੇ ਪ੍ਰਭ ਜੀ ਜੈਸੇ ਰਣਜੀਤ ਸਿੰਘ ਕੋ ਆਪ ਨੇ ਆਪਨੇ ਸਿਖ ਬਨਾਯੋ ਹੈ ਹੈ ਤੈਸੇ ਮੁਝਕੋ ਭੀ ਅਪਨੇ ਚਰਨੋਂ ਕੋ ਚੇਰਹੁ ਬਨਾਵਹੁ। ਐਸੀ ਐਸੀ ਪ੍ਰਾਰਥਨਾ ਰਾਜਾ ਜਸਵੰਤ ਰਾਇ ਕੀ ਸੁਣਕੈ ਸ੍ਰੀ ਗੁਰੂ ਜੀ ਨੇ ਉਤ੍ਰ ਦੀਓ ਹੈ; ਹੇ ਰਾਜਨ ਹਮ ਰਣਜੀਤ ਸਿੰਘ ਸੇ ਪ੍ਰਤਗਯਾ ਕਰ ਚੁਕੇ ਹੈਂ ਕੈ ਸਭੇ ਗਹਣੇ ਭੰਨ ਕੇ ਇਕੋ ਹਸ ਘੜਾਇਆ, ਅਬ ਉਸਕੈ ਸਦ੍ਰਿਸ਼ ਹਮ ਕਿਸੀ ਕੋ ਨਹੀਂ ਬਨਾਵੈਂਗੇ। ਦੂਸਰਾ ਤੇਰੇ ਪਰ ਅਬ ਅਪਦਾ ਪਰੀ ਹੁਈ ਹੈ ਤੂੰ ਭਾਗਕੇ ਆਯਾ ਹੂਆ ਹੈ। ਸਰਧਾ ਕਰਕੈ ਮਨਸੇ ਸਿਖ ਬਨਨੇ ਨਹੀਂ ਆਯੋ ਹੈ ਜਬ ਤੇਰੀ ਅਪਦਾ ਹਟ ਜਾਇਗੀ ਤਬ ਤੇਰੀ ਸਰਧਾ ਹੋਵੇਗੀ ਤਬ ਦੇਖੀ ਜਾਇਗੀ। ਤੀਸਰਾ ਹਮਾਰੇ ਯੇਹ ਪਦਾਰਥ ਕਿਸਕਾਮ ਹੈਂ ਔ ਤੇਰੇ ਸਾਥ ਸੈਨਾ ਬਹੁਤ ਸਾਰੀ ਹੈ ਇਸਸੇ ਤੇਰੇ ਖਰਚ ਬਹੁਤ ਹੈ ਇਨ ਸੈਨਾ ਕੇ ਲੋਕੋਂ ਕੋ ਖਰਚ ਮੁਕਤਾ ਦੀਆ ਕਰ ਪਹਲੇ ਖੇਸ਼ ਔ ਪੀਛੇ ਦਰਵੇਸ਼। ਪ੍ਰਥਮ ਸਮੀਪਵਰਤੀਓਂ ਕੋ ਤ੍ਰਿਪਤ ਪ੍ਰਸੰਨ ਕਰਕੇ ਖੇਸ ਸੇ ਅਧਿਕ ਹੋਵੈ ਤਬ ਦਰਵੇਸ਼ਨ ਕੋ ਦੇਨੇ ਚਾਹਯੇ ਅਬ ਤੁਮ ਘਰਕੋ ਜਾਵੋ। ਐਸੇ

ਬਚਨ ਕਰਕੇ ਤਿਸ ਜਵਾਹਰਾਤ ਕੋ ਅਪਨੇ ਹਸਤ ਕਵਲ ਸਪਰਸ ਕਰਕੇ ਯਸਵੰਤ ਰਾਇ ਕੋ ਫੇਰ ਦੀਓ ਤਿਸਮੈਸੇ ਸ੍ਰੀ ਗੁਰੂ ਜੀ ਨੇ ਯਦ ਕਿੰਚਤ ਭੀ ਦ੍ਰਬਯ ਅੰਗੀਕਾਰ ਨਹੀਂ ਕੀਓ ਹੁਤੋ । ਪੁਨਾ ਜਸਵੰਤ ਰਾਇ ਨੇ ਅਰਜ ਕਰੀ ਸਚੇ ਪਾਤਸ਼ਾਹ ਜੀ ਹਮ ਘਰਕੋ ਕੈਸੇ ਜਾਵੈ ਹਮਕੋ ਘਰ ਜਾਣੇ ਨਹੀ ਮਿਲਤੇ ਹੈ।

ਆਪ ਅੰਤਰਯਾਮੀ ਹੋ ਮੇਰੇ ਘਰ ਜਾਨੇ ਮੇ ਪ੍ਰਤਿਬੰਧ ਆਪ ਜਾਨਤੇ ਹੀ ਹੋ ਆਗੇ ਆਪ ਸਤਿਗੁਰੂ ਹੋ ਸਰਬ ਕਲਾ ਸਾਮਰਥ ਹੋ ਆਪ ਸੇ ਸਭੀ ਕੁਛ ਬਨ ਸਕਤੇ ਹੈ ਐਸੀ ਐਸੀ ਪ੍ਰਾਰਥਨਾ ਰਾਜਾ ਯਸਵੰਤ ਰਾਇ ਮਰਹਟੇ ਕੀ ਸੁਨਕੇ ਤਾਤ ਕਾਲ ਹੀ ਏਕ ਹੁਕਮ ਨਾਵੇ ਅੰਗ੍ਰੇਜ਼ਾਂ ਕੀ ਓਰ ਲਿਖ ਕੇ ਪਠਾਇ ਦੇਤੇ ਭਏ ਔ ਅੰਗ੍ਰੇਜ਼ਾਂ ਕੀ ਓਰ ਸੇ ਅਭੀਤ ਕਰਕੇ ਯਸਵੰਤ ਰਾਇ ਕੂੰ ਘਰ ਕੂੰ ਪਠਾਇ ਦੇਤੇ ਭਏ।

ਪ੍ਰਸ਼ਨ— ਹੇ ਆਰਯ ਭਾਈ ਚੰਦਾ ਸਿੰਘ ਕੌਨ ਥਾ ਔ ਕੈਸੇ ਗ਼ਜ਼ਨੀ ਸੇ ਆਇ ਕੇ ਇਤਨੀ ਦੂਰ ਸੇ ਸ੍ਰੀ ਗੁਰੂ ਸਾਹਿਬ ਸਿੰਘ ਜੀ ਕੇ ਸਿਖ ਹੋਤੇ ਭਯੇ ਤਥਾ ਕਿਸ ਕਾਰਣ ਸੇ ਆਇਕੇ ਮਲੇਸ਼ ਦੇਸ ਸੇ ਹਜ਼ੂਰ ਕੋ ਮਿਲਤੇ ਭਯੇ।

ਉਤ੍ਰ—ਹੇ ਸ੍ਰੋਤਾ ਜਨੋ ਸੁਣੋ ਜੈਸੇ ਭਾਈ ਚੰਦਾ ਸਿੰਘ ਆਕੇ ਗੁਰੂ ਸਾਹਿਬ ਸਿੰਘ ਜੀ ਕੇ ਸਿਖ ਹੋਤੇ ਭਯੇ ਵੋ ਕਥਾ ਅਬ ਕਹਤੇ ਹੈਂ ਕਾਬਲ ਸੇ ਤੀਨ ਸੈ ਕੋਸ ਪਰੇ ਗ਼ਜ਼ਨੀ ਨਾਮ ਪ੍ਰਸਿਧ ਏਕ ਸ਼ਹਰ ਹੈ। ਤਹਾਂ ਭੀ ਕਾਬਲੇਸ ਕਾ ਰਾਜ ਹੈ ਔ ਮੁਸਲਮਾਨੋ ਕੋ ਬਹਤ ਹੀ ਜੋਰ ਹੈ ਉਸ ਦੇਸ ਮੇਂ ਮਲੇਛੋਂ ਕੇ ਕਾਰਣ ਸੇ ਭ੍ਰਸਟਾਚਰਣ ਬਹੁਤ ਹੈ। ਪਰੰਤੂ ਸ੍ਰੀ ਗੁਰੂ ਨਾਨਕ ਜੀ ਸੇ ਆਦਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਹਤ ਸਰਬ ਗੁਰੂ ਗਾਦੀ ਪਰ ਥਿਤ ਕੋ ਸ੍ਰੀ ਗੁਰੂ ਨਾਨਕ ਕਾ ਰੂਪ ਜਾਨਕੇ ਹਿੰਦੂ ਲੋਕ ਪ੍ਰੇਮ ਕਰਕੇ ਅਰਾਧਨ ਕਰਤੇ ਭਏ ਔ ਗੁਰੂ ਘਰਕੇ ਸਿਖ ਹੋਤੇ ਭਏ। ਪਿਛਲੀ ਰਾਤ ਉਠਕੇ ਜਪਜੀ ਜਾਪਜੀ ਸੁਖਮਨੀ ਆਸਾ ਕੀ ਵਾਰ ਆਦਿਕ ਗੁਰੂ ਬਾਣੀ ਕਾ ਬਡੇ ਪ੍ਰੇਮ ਸੇ ਪਾਠ ਕਰਤੇ ਹੈ ਔ ਉਸੀ ਦੇਸ ਮੈ ਸਮੀਪ ਹੀ ਜਬ ਵੋ ਹਿੰਦੂ ਅਥਵਾ ਮੁਹਲਮਾਨ ਕੜਾਹ ਪ੍ਰਸ਼ਾਦ ਕਰਾਇਕੇ ਸੁੰਦਰ ਸਵੇਤ ਰਮਾਲ ਪਾਇਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਹਜ਼ੂਰ ਟਿਕਾਇਕੇ ਚੋ ਗਿਰਦ ਬੈਠਕੇ ਕੀਰਤਨ ਅਨਨ ਚਿਤ ਹੋਇਕੇ ਕਰਤੇ ਹੈਂ ਬਡੇ ਪ੍ਰੇਮ ਸੇ ਦੋ ਘੰਟੇ ਬਾਦ ਪੰਚਾਂਮ੍ਰਿਤ ਕੇ ਉਪਰ ਚਾਦਰ ਕਾ ਏਕ ਪਲੂ ਓਠਾਇ ਕੇ ਦੇਖਤੇ ਹੈਂ। ਜੇ ਸ੍ਰੀ ਗੁਰੂ ਨਾਨਕ ਜੀ ਕੇ ਪੰਜੇ ਪ੍ਰਸਾਦਿ ਕੇ ਉਪਰ ਲਾਗ ਜਾਤੇ ਹੈ ਤਬਤੋ ਬਡੇ ਪ੍ਰਸੰਨ ਹੋਕੇ ਪ੍ਰਸ਼ਾਦ ਬਾਂਟ ਦੇਤੇ ਹੈਂ। ਔ ਜੋ ਕਦਾਚਿਤ ਪ੍ਰਸਾਦ ਕੇ ਉਪਰ ਪੰਜੇ ਨਹੀਂ ਲਾਗਤੇ ਹੈ ਤਬ ਵੋ ਪ੍ਰਸਾਦਿ ਨਹੀਂ ਬਾਂਟਤੇ ਹੈ ਅਪਨੇ ਅਪ੍ਰਾਧ ਸਮਝਕੇ ਤਿਸ ਪ੍ਰਸਾਦ ਕੋ ਕਿਸੀ ਕੂੰ ਦੇਤੇ ਨਹੀ ਹੈਂ ਤਿਨੂ ਧਰਨੀ ਮੈ ਗਾਡ ਦੇਤੇ ਹੈ। ਪੁਨਾ ਔਰ ਕਰਾਇਕੇ ਪ੍ਰਸਾਦਿ ਉਸੀ ਰੀਤੀ ਸੇ ਚਾਰੋਂ ਓਰ ਬੈਠਕੇ ਅਤੀਵ ਪ੍ਰੇਮ ਸੇ ਏਕਾਗ੍ਰ ਚਿਤ ਹੋਕੇ ਸਬਦ ਕੀਰਤਨ ਕਰਤੇ ਹੈਂ। ਥੋਰੇ ਭੀ ਪੰਚਾਂਮ੍ਰਿਤ ਪ੍ਰਸਾਦ ਨਹੀ ਬਨਾਤੇ ਹੈ ਕਿੰਤੂ ਸਵਾ ਹਜਾਰ ਡੇਢ ਹਜਾਰ ਦੋ ਅਢਾਈ ਹਜਾਰ ਕੇ ਪ੍ਰਸਾਦ ਬਨਾਤੇ ਹੈ ਜਬ ਸ੍ਰੀ ਗੁਰੂ ਜੀ ਕੇ ਪੰਜੇ ਲਾਗਤੇ ਹੈ ਤਬਹੀ ਤਿਸ ਪ੍ਰਸਾਦਿ ਕੋ ਬਾਂਟਤੇ ਹੈ ਜਬ ਮਹਾਰਾਜ ਜੀ ਕੇ ਪੰਜੇ ਨਹੀ ਲਾਗਤੇ ਹੈ ਤਬ ਵੋ ਲੋਕ ਜਾਨਤੇ ਹੈਂ ਕੇ ਇਸ ਮੈ ਕੋਈ ਕਸੂਰ ਹੈ ਜਿਸ ਹੇਤੁ ਸੇ ਗੁਰੂ ਜੀ ਕੋ ਇਸ ਪ੍ਰਸਾਦ ਕੋ ਭੋਗ ਨਹੀਂ ਲਾਗਯੋ ਹੈ। ਉਸੀ ਪ੍ਰਕਾਰ ਸੇ ਫਿਰ ਉਤਨਾ ਪ੍ਰਥਮ ਜਿਤਨਾ ਹੀ ਪ੍ਰਸਾਦ ਕਰਾਕੇ ਜਬ ਪ੍ਰਸਾਦ ਉਪਰ ਸ੍ਰੀ ਗੁਰੂ ਜੀ ਕੇ ਪੰਜੇ ਲਾਗਤੇ ਹੈ ਤਬ ਸਭ ਲੋਗਨ ਕੇ ਬਡੇ ਉਤਸਾਹੁ ਹੋਤੇ ਹੈ ਔ ਜੇ ਕਿਸੇ ਮੁਸਲਮਾਨ ਨੇ ਪ੍ਰਸਾਦਿ ਕਰਾਨੇ ਹੋਤੇ ਹੈ ਤਬ ਸਭ ਹਿੰਦੂ ਗੁਰੂ ਕੇ ਸਿਖੋਂ ਕੋ ਇਕਤ੍ਰ ਕਰਕੇ ਰੁਪੈ ਦੇ ਦੇਨੇ ਜਬ ਪ੍ਰਸਾਦ ਤਯਾਰ ਹੋਵੇ ਤਬ ਗੁਰੂ ਕੇ ਸਿਖੋਂ ਨੇ ਸ਼ਬਦ ਕੀਰਤਨ ਕਰਨਾ ਔ ਤਿਸ ਪ੍ਰਸਾਦ ਕਰਾਨੇ ਹਾਰੇ ਮੁਸਲਮਾਨ ਨੇ ਹਾਥ ਜੋੜ ਕੇ ਦੂਰ ਖੜੇ ਰਹਣਾ ਜਬ ਪੰਜਾ ਲਾਗ ਜਾਵੇ ਤਬ ਬਡੇ ਆਨੰਦ ਹੋ ਕੇ ਪ੍ਰਸਾਦ ਵਰਤਾਇ ਦੇਨਾ। ਪ੍ਰਸੰਨ ਭਲਾ ਹਿੰਦੂ ਤੋ ਗੁਰੂ ਕੇ ਸਿਖ ਹੈਂ ਇਨੋਂ ਨੇ ਸ਼ਰਧਾ ਕਰਕੇ ਪ੍ਰਸਾਦ ਕਰਾਵਨੇ ਯੋਗ ਹੈ। ਤੁਰਕ ਤੋ ਅਤਿਸਰਈ ਸਰਾ ਕੇ ਪਾਇਬੰਦ ਹੈ ਏਹੁ ਤੁਰਕ ਕੈਸੇ ਦੀਨ ਕੇ ਬਾਧਕ ਔ ਧਰਮ ਕੇ ਸਾਧਕ ਸ੍ਰੀ ਗੁਰੂ ਨਾਨਕ ਜੀ ਕੋ ਮਾਨਤੇ ਹੈਂ। ਉਤ੍ਰ ਸ੍ਰੀ ਗੁਰੂ ਦੇਵ ਜੀ ਧਰਮਾਵਤਾਰ ਅਪਨੇ ਬਲ ਪ੍ਰਕ੍ਰਮ ਸਕਤੀ ਸੇ ਹਿੰਦੂ ਤੁਰਕ ਦੋਨੋ ਕੋ ਅਪਨੇ ਵਸ ਕਰਲੀਓ ਹੈ ਹਿੰਦੂਆਂ ਸੇ ਭੀ ਅਧਿਕ ਨਿਸਠਾ ਤੁਰਕ ਸ੍ਰੀ ਗੁਰੂ ਨਾਨਕ ਦੇਵ ਜੀ ਕੇ ਚਰਨੋਂ ਪਰ ਰਖਤੇ ਹੈ ਔਰ ਕਿਸੀ ਕੋ ਨਹੀਂ ਮਾਨਤੇ ਹੈਂ ਚਾਹੇ ਓੜਤਾ ਜਾਤਾ ਪ੍ਰਸਿਧ ਕਿਉਂ ਨਾ ਹੋਵੇ । ਤਿਸ ਅਤਿ ਕਠਨ ਤੁਰਕਾਨੀ ਦੇਸ਼ ਮੈ ਭਾਈ, ਚੰਦਾ ਸਿੰਘ ਕਲਰ ਮੈ

ਕਵਲ ਕੀ ਰੀਤੀ ਸੇ ਉਤਪਤ ਹੋਤੇ ਭਯੋ ਹੈ ਖਤ੍ਰੀ ਵੰਸ ਮੇ ਜਿਉਂ ਜਿਉਂ ਸ੍ਰੀ ਗੁਰੂ ਦਸੋ ਪਾਤਸਾਹੀਉਂ ਕੇ ਕਥਾ ਪ੍ਰਸੰਗ ਭਾਈ ਚੰਦਾ ਸਿੰਘ ਸੁਣੇ ਤਿਉਂ ਤਿਉਂ ਪ੍ਰੇਮ ਰੂਪੀ ਅੰਕੁਰ ਕਲਪ ਬ੍ਰਿਛ ਕੇ ਬਢਤੇ ਜਾਵੈ । ਜੈਸੇ ਜਲ ਸੀਚਨੇ ਸੇ ਬ੍ਰਿਛ ਬ੍ਰਿਧ ਹੋਤੇ ਜਾਤੇ ਹੈ ਤਦਵਤ ਭਾਈ ਚੰਦਾ ਸਿੰਘ ਕੋ ਭੀ ਪ੍ਰੇਮ ਸ੍ਰੀ ਗੁਰੂ ਜੀ ਕੀ ਕਥਾ ਸੁਣ ਸੁਣ ਕੇ ਬਢਤੇ ਜਾਵੇ। ਤਿਸ ਭਾਈ ਚੰਦਾ ਸਿੰਘ ਨੇ ਕਹੂੰ ਕਥਾ ਮੈ ਐਸੇ ਸੁਣ ਪਾਯੋ ਜੋ ਸਾਹਿਬ ਦਸਵੇਂ ਪਾਤਸਾਹ ਜੀ ਕੋ ਆਨੰਦ ਪੁਰ ਅਤੀਵ ਪਯਾਰੋ ਥੋ । ਆਨੰਦਪੁਰ ਸੇ ਚਲਤੇ ਸਮੇ ਸ੍ਰੀ ਦਸਮੇਸ ਜੀ ਨੇ ਐਸੇ ਬਚਨ ਕੀਓ ਹੁਤੇ ਜੋ ਹਮਕੋ ਆਨੰਦਪੁਰ ਅਤੀਵ ਪੂਜ ਹੈ ਹਮ ਇਸ ਆਨੰਦਪੁਹ ਮੈ ਕਿਸੀ ਨਾ ਕਿਸੀ ਰੂਪ ਸੇ ਮਦਾ ਹੀ ਰਹੇਂਗੇ । ਔ ਸੋਡਵੰਸ ਮੈ ਗੁਰਯਾਈ ਕੋ ਸਦਾ ਹੀ ਰਹਣੇ ਕੋ ਸ੍ਰੀ ਗੁਰੂ ਅਮਰ ਦੇਵ ਕੋ ਹੁਕਮ ਹੈ । ਯਦਯਪੀ ਸ੍ਰੀ ਦਸਮੇਸ ਜੀ ਆਪ ਵੈਕੁੰਠ ਵਾਸੀ ਹੋ ਗਏ ਹੈ ਤਥਾਪੀ ਗੁਰਯਾਈ ਕੀ ਕਲਾ ਕਿਸੀ ਅਧਿਕਾਰੀ ਸੋਢੀ ਸਰੀਰ ਮੈ ਥਾਪਨ ਕਰ ਗਏ ਹੋਵੈਂਗੇ । ਐਸੇ ਐਸੇ ਪ੍ਰਸੰਗੋਂ ਕੋ ਚਿੰਤਨ ਕਰ ਕਰ ਕੇ ਭਾਈ ਚੰਦਾ ਸਿੰਘ ਪ੍ਰੇਮ ਕੀ ਅਧਿਕਤਾ ਸੇ ਲਾਗਾ ਬਯਾਕੁਲ ਹੋਣੇ ਜਿਉ ਜਿਉ ਕਥਾ ਸ੍ਰੀ ਗੁਰੂ ਜੀ ਕੀ ਅਦਭੁਤਾ ਚਰਿਤੋ ਵਾਰੀ ਸੁਣੇ ਤਿਉਂ ਤਿਉਂ ਭਾਈ ਚੰਦਾ ਸਿੰਘ ਪ੍ਰੇਮ ਕਰਕੇ ਬਯਾਕੁਲ ਹੋਤਾ ਜਾਵੇ । ਜਬ ਪ੍ਰੇਮ ਨੇ ਅਤਿ ਜੋਰ ਕੀਆ ਪ੍ਰਲੈਕਾਲ ਕੇ ਜਲਧਿ ਵਤ ਅਤਯੰਤ ਪ੍ਰੇਮ ਕੇ ਬਡ ਜਾਨੇ ਸੇ ਬਾਵਰੇ ਜੈਸੇ ਭਾਈ ਚੰਦਾ ਸਿੰਘ ਹੋ ਜਾਤੇ ਭਯੋ ਤਨੁ ਮਨ ਧਨ ਕੀ ਸੁਧ ਭੂਲ ਜਾਤੋ ਭਯੋ । ਜਬ ਕਿਸੀ ਕਾਲ ਮੈ ਸੁਰਤ ਆਇ ਜਾਵੇ ਤਬ ਕੁਛ ਥੋਰੇ ਬਹੁਤੇ ਖਾਨ ਪਾਨ ਆਦਿਕ ਸਰੀਰ ਕੋ ਵਿਵਹਾਰ ਕਰ ਭੀ ਲੇਵੇ ਨਹੀ ਤੋ ਕਈ ਕਈ ਦਿਨ ਨਾਹੀ ਕਰੇ, ਜਹਾ ਪਰਾ ਰਹੇ ਖਰਾ ਰਹੇ ਤਾਂ ਹੀ ਪਰਾ ਖਰਾ ਰਹੇ ਹੇ ਗੁਰੂ ਗੁਰੂ ਰਾਤ ਦਿਨ ਏਹੀ ਪੁਕਾਰਤੇ ਰਹੇ ।

ਏਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ ਦਰਸਨ ਕੋ ਕਾਂਖੀ ਭਾਈ ਚੰਦਾ ਸਿੰਘ ਹੋ ਰਹਤੇ ਭਯੇ ਭਾਈ ਚੰਦਾ ਸਿੰਘ ਕੇ ਨੇਤ੍ਰੋਂ ਸੇ ਪ੍ਰੇਮ ਕੇ ਜਲ ਕੋ ਪ੍ਰਵਾਹ ਹਰ ਵਕਤ ਜਾਰੀ ਹੀ ਰਹਤੋ ਭਯੋ । ਇਸੀ ਭਾਂਤ ਸੇ ਜਬ ਕਿਤਨਾਕ ਸਮੋ ਵਿਤੀਤ ਹੋ ਜਾਤੋ ਭਯੋ ਔ ਪ੍ਰੇਮ ਭੀ ਅਤਿ ਪ੍ਰਬਲ ਹੋ ਜਾਤੋ ਭਯੋ । ਤਬ ਸ੍ਰੀ ਚੰਦਾ ਸਿੰਘ ਕੇ ਮਨ ਮੇਂ ਯੇ ਬਿਚਾਰ ਆਵਤੇ ਭਯੋ ਸੁਣਯੋ ਹੈ ਜੋ ਸਾਹਿਬ ਨੇ ਬਚਨ ਕੀਓ ਹੈ ਕੇ ਕੋਈ ਨ ਕੋਈ ਏਕ ਰੂਪ ਧਾਰ ਕੇ ਹਮ ਆਨੰਦਪੁਰ ਮੈ ਸਦਾ ਰਹਬੋ ਕਰੈਗੇ ਜੋ ਮੇਰਾ ਦਰਸ਼ਨ ਕਰਯੋ ਚਾਹਤੋ ਹੈ ਸੋ ਆਨੰਦਪੁਰ ਮੈ ਆਇ ਕਰੇ ਮੁਝਕੋ ਆਇ ਦੇਖੈ ਯਾਂਤੇ ਅਬ ਆਨੰਦਪੁਰ ਕੋ ਚਲਨੋ ਚਾਹਯੇ ਤਹਾਂ ਹਮੇਸ਼ਾਂ ਜੋ ਮਹਾਰਾਜ ਜੂ ਕੋ ਨਿਵਾਸ ਹੈ ਗੁਪਤ ਪ੍ਰਗਟ ਰੂਪ ਕਰਕੇ ਊਹਾਂ ਰਹਨੇ ਮੇ ਕਬੀ ਨ ਕਬੀ ਤੋ ਸ੍ਰੀ ਗੁਰੂ ਜੀ ਕੋ ਦਰਸ਼ਨ ਹੋਬੋ ਕਰੇਗੋ ਕਬੀ ਤੋ ਕ੍ਰਿਪਾ ਕਰਕੇ ਮੇਰੀ ਦ੍ਰਿਸਟੀ ਕੇ ਗੋਚਰ ਹੋਬੋ ਕਰੈਗੇ ਜਬ ਕਬੀ ਏਕ ਵਾਰ ਭੀ ਸ੍ਰੀ ਪ੍ਰਭੂ ਜੀ ਕੋ ਮੁਝ ਕੋ ਦਰਸ਼ਨ ਸਾਖਯਾਤ ਹੋ ਜਾਇਗੋ ਫਿਰ ਕਵੀ ਭੀ ਮਹਾਰਾਜ ਜੂ ਕੇ ਕਲਪ ਬ੍ਰਿਛ ਰੂਪ ਚਰਣ ਕਮਲ ਕੋ ਤਯਾਗ ਨਹੀਂ ਕਰੂੰਗੋ । ਇਸ ਵਿਚਾਰ ਸੇ ਭਾਈ ਚੰਦਾ ਸਿੰਘ ਗਜਨੀ ਦੇਸ ਕੋ ਤਯਾਗ ਕਰਕੇ ਸਨੇ ਸਨੇ ਸਰਬ ਦੇਸੋਂ ਕੋ ਉਲੰਘ ਕੇ ਸ੍ਰੀ ਆਨੰਦਪੁਰ ਮੇ ਜਾਇ ਪਹੁੰਚਯਾ । ਜੌਨਸੇ ਸੋਢੀ ਬਾਵੇ ਅਪਨੇ ਮਨ ਮੇਂ ਗੁਰਯਾਈ ਕਾ ਅਭਿਮਾਨ ਕਰਕੇ ਆਪੋ ਅਪਨੇ ਘਰੋਂ ਮੈਂ ਬਡੀ ਗਾਦੀ ਲਗਾਇ ਕੇ ਬੈਠੇ ਹੈ ਗੁਰੂ ਮਾਨੀ ਬਣਕੇ ਉਨ ਸਾਹਿਬ ਜਾਦਯੋਂ ਸਭਨੋਂ ਕੇ ਭਿੰਨ ਭਿੰਨ ਦਰਸ਼ਨ ਕਰਨੇ ਕੋ ਜਾਤੇ ਭਯੋ । ਜਿਸ ਸਾਹਿਬਜਾਦੇ ਕੇ ਅਸਥਾਨ ਪਰ ਜਾਵੇ ਅਪਨੇ ਮਨ ਮੋ ਸੰਕਲਪ ਪ੍ਰਥਮ ਕਰ ਲੇਵੇ ਕਯਾ ਜੋ ਮੇਰੇ ਇਸ ਸੰਕਲਪ ਕੋ ਜਾਨਕੇ ਮੁਝਕੋ ਆਪਨੇ ਆਪ ਹੀ ਬਤਾਇ ਦੇਵੈਗੇ ਤਬ ਮੈ ਗੁਰੂ ਰੂਪ ਇਨਹੀ ਕੋ ਜਾਨੋਗੋ । ਜਬ ਆਗੇ ਵੋ ਸਾਹਿਬ ਜਾਦੇ ਕੋਈ ਭੀ ਪਰਚੋ ਨ ਦਿਖਾਵੇ ਤਬ ਊਹਾਂ ਤੇ ਨਿਰਾਸ ਹੋ ਕੇ ਦੂਸਰੀ ਠੌਰ ਜਾਤੇ ਭਯੋ ਤਹਾਂ ਜਬ ਕੋਈ ਕਰਾਮਾਤ ਕੀ ਬਾਤ ਨ ਦੇਖਤੇ ਭਯੋ ਤਬ ਤਹਾਂ ਤੇ ਉਦਾਸ ਹੋ ਕੇ ਤੀਸਰੀ ਠੌਰ ਜਾਤੇ ਭਯੋ । ਤਹਾਂ ਭੀ ਜਬ ਇਸ ਕੇ ਮਨ ਕੀ ਬਾਤ ਕਿਸੀ ਨੇ ਨ ਜਾਨੀ ਤਬ ਪਰਮ ਉਪਰਾਮ ਹੋ ਕੇ ਕਹਤੇ ਭਯੇ ਅਰੇ ਯੇਹ ਤੋ ਮਿਥਯਾਹੀ ਗੁਰੂ ਮਾਨੀ ਬਨੇ ਬੈਠੇ ਹੈਂ ਕਾਠ ਕੇ ਗੁਰੂ ਵਤ ਕੁਛ ਕਿਸੀ ਮੈ ਕਲਾ ਤੋ ਦਿਖਾਈ ਦੇਤੀ ਹੀ ਨਹੀਂ ਹੈ ਲੋਕ ਇਨਕੋ ਕੈਸੇ ਗੁਰੂ ਕਰਕੇ ਮਾਨਤੇ ਹੈਂ, ਯਾਂਤੇ ਲੋਕ ਏਹ ਬੜੇ ਹੀ ਪਾਗਲ ਸੇ ਹੈਂ ਜੋ ਇਨ ਕੂੰ ਗੁਰੂ ਸ਼ਬਦ ਸਾਥ ਜੋੜਤੇ ਹੈਂ ਯੇ ਕਿਸੀ ਕੀ ਕਿਆ ਭਾਵਨਾ ਪੂਰਨ ਕਰ ਸਕਤੇ ਹੈਂ । "ਗੁਰੂ ਸਦਾਏ ਅਗਿਆਨੀ ਅੰਧਾ ਕਿਸ ਓਹ ਪਾਰ ਲੰਘਾਏ" । ਦੋਹਰਾ । ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸ ਕੀਨ । ਅੰਤਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ ॥

# ਸੰਪ੍ਰਦਾਇਕ ਸਮਾਚਾਰ

## ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਗੱਦੀ ਨਸ਼ੀਨ ਵਲੋਂ ਪਿਤਾ ਪੁਰਖੀ ਨਾਨਕ ਸ਼ਾਹੀ ਧਰਮ ਪ੍ਰਚਾਰ ਦੇ ਪ੍ਰੋਗਰਾਮ

"ਜਿਤੀ ਨਵਖੰਡ ਮੇਦਨੀ ਸਤਿਨਾਮ ਦਾ ਚਕਰ ਫਿਰਾਇਆ ॥"

੧੫ ਤੋਂ ੨੦ ਅਗਸਤ ੧੯੭੨— **ਬਰਸੀ ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ,** ਨਿਤ ਸਵੇਰ ਦੇ ਦੀਵਾਨ ਆਪ ਦੀ ਸਮਾਧੀ ਅਸਥਾਨ ਤੇ, ਅਤੇ ਸ਼ਾਮ ਦੇ ਦੀਵਾਨ **ਮੰਜੀ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ** ਬੜੀ ਧੂਮ ਧਾਮ ਨਾਲ ਮਨਾਏ ਗਏ, ਅੰਮ੍ਰਿਤਮਈ ਬਾਣੀ ਦੇ ਭੋਗ ੨੦ ਤਾਰੀਖ ਪਾਏ ਗਏ, ਸੰਤਾਂ ਮਹਾਤਮਾਂ ਤੇ ਸੰਗਤਾਂ ਦਾ ਕੜਾਹ ਪੂਰੀ ਦਾ ਭੰਡਾਰਾ ਅਤੁੱਟ ਵਰਤਿਆ ਤੇ ੨੧ ਤਾਰੀਖ ਨੂੰ ਮਾਹਲ ਪੂੜਿਆਂ ਦਾ ਭੰਡਾਰਾ ਸ੍ਰੀ ਹਰਿਮੰਦਰ ਸਾਹਿਬ ਦੇ ਸੇਵਾਦਾਰਾਂ ਦਾ ਵਖਰਾ ਕੀਤਾ ਗਿਆ ਤੇ ਗੁਰੂ ਰਾਮਦਾਸ ਪਾਤਿਸ਼ਾਹ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਮੰਜੀ ਸਾਹਿਬ ਦੇ ਦੀਵਾਨ ਬੜੀ ਸਜ ਧਜ ਨਾਲ ਹੋਏ ਜਿਨ੍ਹਾਂ ਵਿਚ ਢਾਡੀ ਦੌਆ ਸਿੰਘ ਜੀ ਦਿਲਬਰ ਤੇ ਰਾਗੀ ਜਥਾ ਸੰਤ ਕਰਤਾਰ ਸਿੰਘ ਦਿਵਾਨਾ ਰਾਜਪੁਰੇ ਵਾਲਿਆਂ ਬੜੀਆਂ ਮਿਠੀਆਂ ਸੁਰਾਂ ਵਿਚ ਕੀਰਤਨ ਸੁਣਾਕੇ ਹਜ਼ਾਰਾਂ ਦੀ ਤਾਦਾਦ ਵਿਚ ਸੰਗਤਾਂ ਨੂੰ ਸਤਿਗੁਰੂ ਨਾਨਕ ਪਾਤਸ਼ਾਹ ਤੇ ਆਪ ਦੀ ਸੰਤਾਨ ਨਾਲ ਜੋੜਿਆ। ਬਾਬਾ ਮਧੁਸੂਦਨ ਸਿੰਘ ਜੀ ਬੇਦੀ ਨੇ ਨਿਤ ਆਤਮਿਕ ਦਾਤ ਗੁਰਬਾਣੀ ਦੁਆਰਾ ਬਰਸਾਉਂਦੇ ਹੋਏ ਦਰਸਾਇਆ ਕਿ ਗੁਰੂ ਖਾਲਸੇ, ਗੁਰ ਸਿਖਾਂ ਦਾ ਭਲਾ ਇਸੇ ਗਲ ਵਿਚ ਹੈ ਜੋ "ਹਰੀ ਦੇ ਧੜੇ" ਵਿਚ ਸ਼ਾਮਲ ਹੋਣ:—

"ਹਮਾਰਾ ਧੜਾ ਹਰ ਰਹਿਆ ਸਮਾਈ"

ਇਹ ਗੁਰੂ ਨਾਨਕ ਪਾਤਿਸ਼ਾਹ ਦਾ ਧੜਾ ਹੈ ਜੋ ਜਦ ਕਾਇਮ ਹੋਇਆ ਤੇ ਸੰਗ ਚਾਲਕ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਪਾਤਸ਼ਾਹ ਵਰਗੇ ਸਚੇ ਸੁਚੇ ਸਾਹਿਬਜ਼ਾਦਿਆਂ ਦੀ ਅਗਵਾਈ ਆਈ ਤਾਂ, ਨਿਸ਼ਕਾਮਤਾ ਦੇ ਕਾਰਨ **ਸਿਖ ਰਾਜ** ਕਾਇਮ ਹੋਇਆ। ਆਓ, ਇਸ ਸਚੇ ਧੜੇ ਨੂੰ ਅਪਣਾਓ, ਬਣੋ ਗੁਰੂ ਨਾਨਕ ਦੇ, ਝੂਠ ਨੂੰ ਤਿਆਗੋ ਤੇ ਆਪ ਵੀ ਤੇ ਕੌਮ ਵੀ ਸੁਖੀ ਵਸੇ। ਸੰਗਤਾਂ ਅਤੀ ਪ੍ਰਸੰਨ ਹੋਈਆਂ।

## ਦੁਖ ਭਰੀ ਖਬਰ

੨੪ ਅਗਸਤ ਤੋਂ ੫ ਸਤੰਬਰ ੧੯੭੨— ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਦਾ ਬਖਸ਼ਿਆ ਹੋਇਆ ਦਰ ਘਰ, ਗੁਰੂ ਗੰਗਦਾਸ ਜੀ ਦੀ ਵੰਸ਼, ਗੁਰੂ ਜਗਤਾਰ ਸਿੰਘ ਜੀ ਦਾਊ ਤੇ ਗੁਰਦੁਆਰਾ ਹਰੀ ਪੁਰ ਨਿਵਾਸੀ, ਜਿਨ੍ਹਾਂ ਦੇ ਪਿਤਾ ਜੀ ਅਜੇ 1½ ਸਾਲ ਹੋਏ ਸੁਰਗਵਾਸ ਹੋ ਗਏ ਸਨ ਤੇ ਆਪ 8 ਮਹੀਨੇ ਹੋਏ ਗੱਦੀ ਤੇ ਬਿਰਾਜਮਾਨ ਦਾਸ ਨੇ ਆਪ ਕੀਤੇ ਸਨ, ਇਸ ਫਾਨੀ ਦੁਨੀਆਂ ਨੂੰ ਝੂਠੀ ਜਾਣ, ਆਪਣੇ ਪ੍ਰਵਾਰ, ਸਨਬੰਧੀਆਂ ਨੂੰ ਛਡ ਪ੍ਰਲੋਕ ਚਲਾਣਾ ਕਰ ਗਏ। ਦਾਸ ਦਾ ਨਜ਼ਦੀਕੀ ਨਾਤਾ ਹੁੰਦਿਆਂ ਹੋਇਆਂ ਜੋ ਆਪ ਦਾਸ ਦੇ ਸਾਲਾ ਸਾਹਿਬ ਸਨ, ਦਾਊ ਨਗਰ ਜ਼ਿਲਾ ਰੋਪੜ ਹੀ ਰਹਣਾ ਪਿਆ, ਜਿਥੇ ਆਪ ਦੇ ਅੰਤਮ ਸੰਸਕਾਰ ੫ ਸ੍ਰੀ ਅਖੰਡ ਪਾਠਾਂ ਦੇ ਭੋਗ ਦਾ, ਗੁਰੂ ਪਾਤਸ਼ਾਹ ਦੀ ਓਟ ਤੇ ਆਸਰਾ ਲੈਂਦਿਆਂ ਹੋਇਆਂ ਆਪ ਦੇ ਸਪੁੱਤਰ ਬਾਬਾ ਬਲਬੀਰ ਸਿੰਘ ਜੀ ਦੀ ਗੁਰਮਤ ਅਨੁਸਾਰ ਦਸਤਾਰ ਬੰਦੀ ਕਰਵਾਈ। ਨਿਤ ਹਰ ੨ ਵਕਤ ਦੀਵਾਨ ਸਜਦੇ ਰਹੇ ਤੇ ਗੁਰੂ ਨਾਨਕ ਮਤ, ਸੰਗਤਾਂ ਜੋ

ਬੇਅੰਤ ਨਿਤ ਇਕੱਠੀਆਂ ਹੁੰਦੀਆਂ ਸਨ, ਬਰੰਸਾਦੀ ਗਈ। ਸਤਿਗੁਰੂ ਅਗੇ ਅਰਦਾਸ ਕੀਤੀ ਗਈ ਤੇ ਸੰਗਤਾਂ ਵੀ ਅਰਦਾਸ ਕਰਨ ਜੋ ਗੁਰੂ ਅਮਰਦਾਸ ਪਾਤਸ਼ਾਹ ਆਪਣੀ ਰਹਿਮਤ ਬਾਬਾ ਬਲਬੀਰ ਸਿੰਘ ਜੀ ਤੇ ਕਰਨ ਤਾਂ ਆਪਣੇ ਧਾਰਮਿਕ ਫ਼ਰਜ਼ਾਂ ਨੂੰ ਸੂਝ ਨਾਲ ਨਿਭਾ ਸਕਣ ਤੇ ਆਪ ਪਾਸੋਂ ਸਦਾ ਗੁਰੂ ਨਾਨਕ ਪਾਤਸ਼ਾਹ ਦੀਆਂ ਸੰਗਤਾਂ ਆਤਮਿਕ ਸ਼ਕਤੀ ਪ੍ਰਾਪਤ ਕਰਦੀਆਂ ਰਹਿਣ। ਚਾਹੇ ਬਾਬਾ ਜੀ ਅਜੇ ੧੮ ਸਾਲ ਦੀ ਆਯੂ ਰਖਦੇ ਹਨ ਪਰ ਹੋਣਹਾਰ ਹਨ, ਸਮਝਦਾਰ ਹਨ, ਛੇਤੀ ਹੀ ਆਪਣੇ ਪਿਤਾ ਤੇ ਦਾਦਾ ਗੁਰੂ ਦੀ ਪਦਵੀ ਪ੍ਰਾਪਤ ਕਰ ਲੈਣਗੇ ਤੇ ਗੁਰੂ ਅਮਰਦਾਸ ਪਾਤਿਸ਼ਾਹ ਦੀਆਂ ਬਖਸ਼ਸ਼ਾਂ ਦੇ ਪਾਤਰ ਬਣਨਗੇ।

੮-੯-੧੦ ਸਤੰਬਰ—ਗੁਰ ਸਿੱਖ, ਸੰਗਤ, ਸ਼ਰਮਾ ਮਾਰਕੀਟ ਲੁਧਿਆਣਾ ਵਾਲਿਆਂ ਅੰਮ੍ਰਿਤਮਈ ਬਾਣੀ ਦਾ ਅਖੰਡ ਪਾਠ ਰਖਵਾ ਭੋਗ ਪਵਾਇਆ, ਉਪਰੰਤ ਬੜੀ ਸਜ ਧਜ ਨਾਲ ਦੀਵਾਨ ਸਜਾ ਗੁਰੂ ਕਾ ਲੰਗਰ ਅਤੁੱਟ ਵਰਤਿਆ।

੧੬-੧੭-੧੮ ਸਤੰਬਰ ੧੯੭੨—ਹਰ ਮਹੀਨੇ ਵਾਂਗ ਦਮਦਮਾ ਅਸਥਾਨ ਸ੍ਰੀ ਹਜ਼ੂਰ ਬਾਬਾ ਸਾਹਿਬ ਜੀ ਮਨਸੂਰਾਂ ੩ ਅਖੰਡ ਪਾਠ ਅਰੰਭ ਕਰਵਾ ਜੋ (੧) ਸ੍ਰ. ਗੁਰਬਚਨ ਸਿੰਘ ਗਿਲ ਰੋਡ ਲੁਧਿਆਣਾ, (੨) ਸ੍ਰ: ਜੀਤ ਸਿੰਘ ਨਾਰੰਗ ੪੦੪-L ਮਾਡਲ ਟਾਊਨ ਲੁਧਿਆਨਾ। (੩) ਬੀਬਾ ਰੰਜੀਤ ਕੌਰ ਮਾਸਟਰਨੀ, ਸਮਰਾਲਾ, ਜ਼ਿਲਾ ਲੁਧਿਆਨਾ ਨੇ ਰਖਵਾਏ, ਭੋਗ ਪਵਾ ਮਨਾਈ ਗਈ। ੧੬ ਰਾਤ ਦਾ ਦੀਵਾਨ ਜੋਧਾਂ ਨਗਰ ਆਪ ਦੇ ਅਸਥਾਨ ਤੇ ਹੋਇਆ ੧੭ ਰਾਤ ਤੇ ੧੮ ਸਵੇਰ ਦਾ ਮਨਸੂਰਾਂ ਨਗਰ ਵਿਖੇ—ਹਜ਼ਾਰਾਂ ਸੰਗਤਾਂ ਦਾ ਇਕੱਠ ਹੋਇਆ ਤੇ ਗੁਰੂ ਕਾ ਲੰਗਰ ਅਤੁਟ ਵਰਤਿਆ। ਗੁਰਮਤਿ ਦਾ ਪ੍ਰਚਾਰ ਬਾਬਾ ਜੀ ਨੇ ਕੀਤਾ, ਸੰਗਤਾਂ ਖੁਸ਼ੀਆਂ ਲੈ ਆਪੋ ਆਪਣੇ ਨਗਰਾਂ ਨੂੰ ਮੁੜ ਵਾਪਸ ਗਈਆਂ।

੧੯ ਸਤੰਬਰ ੧੯੭੨— ਦਮਦਮਾ ਅਸਥਾਨ ਖ਼ਡੂਰ ਨਗਰ ਵਿਖੇ ਮਹਾਵਾਰੀ ਦੀਵਾਨ ਹੋਇਆ, ਗੁਰਮਤਿ ਦਾ ਪ੍ਰਚਾਰ ਬਾਬਾ ਜੀ ਨੇ ਕੀਤਾ ਤੇ ਅਸਥਾਨ ਬਾਬਾ ਸਾਹਿਬ ਸਿੰਘ ਜੀ ਦੇ ਬਰਾਮਦਾ ਬਨਾਉਣ ਦੀ ਪ੍ਰੇਰਨਾ ਕੀਤੀ ਜੋ ਛੇਤੀ ਹੀ ਸ਼ੁਰੂ ਕਰ ਦਿਤਾ ਜਾਵੇਗਾ।

੨੦ ਸਤੰਬਰ ੧੯੭੨— ਸਵੇਰੇ ੧੦ ਵਜੇ ਦੀਵਾਨ ਪਿੰਡ ਬੋਤਲ ਆਲਾ ਤਸ਼ੀਲ ਜਗਰਾਓਂ ਜ਼ਿਲਾ ਲੁਧਿਆਣੇ ਸਜਿਆ। ਗੁਰਮਤਿ ਦਾ ਪ੍ਰਚਾਰ ਹੋਇਆ ਅਤੇ ਗੁਰਸਿਖਾਂ ਗੁਰੂ ਕਾ ਲੰਗਰ ਨਾਨਕਸਰ ਕੀਤਾ, ਸੰਤ ਨੰਦ ਸਿੰਘ ਜੀ ਨੇ ਸਹਿਜੋਗ ਬਖਸ਼ਿਆ, ਆਗੂ ਹੋ ਸੇਵਾ ਤਨ ਮਨ ਧਨ ਨਾਲ ਕੀਤੀ, ਸ੍ਰੋਪਾਉ ਬਾਬਾ ਮਧੂਸੂਦਨ ਸਿੰਘ ਜੀ ਨੇ ਬਖਸ਼ੇ ਜਿਨ੍ਹਾਂ ਦੇ ਨਾਮ ਇਹ ਸਨ—

| | |
|---|---|
| (1) ਸ. ਬਚਿਤ੍ਰ ਸਿੰਘ ਜੀ | ਬੋਤਲ ਆਲ ਨਿਵਾਸੀ |
| (2) ਸ. ਮਹਿੰਦਰ ਸਿੰਘ ਜੀ ॥ | |
| (3) ਸ. ਉਜਾਗਰ ਸਿੰਘ ਜੀ ॥ | |
| (4) ਸ. ਸਵਰਨ ਸਿੰਘ ਜੀ ॥ | |
| (5) ਸ. ਸਤਿਨਾਮ ਸਿੰਘ ਜੀ | ਬਜਾਜ, ਜਗਰਾਓਂ, |
| (6) ਸ. ਮਨਮੋਹਨ ਸਿੰਘ ਜੀ ॥ | |
| (7) ਸ. ਗੁਰਬਖਸ਼ ਸਿੰਘ ਜੀ ॥ | |

## ਸ੍ਰੀਮਾਨ ਸੰਤ ਇੰਦਰ ਸਿੰਘ ਜੀ ਦੇ ਅਸਥਾਨ ਲਲਤੋਂ
## ਜ਼ਿਲਾ ਲੁਧਿਆਣੇ ਵਿਖੇ ਦੀਵਾਨ

੨੦ ਸਤੰਬਰ ਤੋਂ ੨੩ ਸਤੰਬਰ ਤਕ— ਨਗਰ ਨਿਵਾਸੀ ਸੰਗਤਾਂ ਦੀਵਾਨਾਂ ਵਿਚ ਬੇਅੰਤ ਇਕੱਠੀਆਂ ਹੋਈਆਂ । ਸੰਤ ਇੰਦਰ ਸਿੰਘ ਜੀ ਨੇ ਜੋ ਸਚ ਮੁਚ ਹੀ ਧਰਮ ਦੀ ਮੂਰਤੀ ਹਨ ਬੜੇ ਚਾ ਨਾਲ ਬਾਬਾ ਮਧੁਸੂਦਨ ਸਿੰਘ ਜੀ ਦਾ ਸੁਆਗਤ ਕੀਤਾ ਤੇ ਜਿਥੇ ਜਥਾ ਸੰਤ ਗਿਆਨ ਸਿੰਘ ਜੀ ਧੁਗੇ ਤੇ ਮੁਨਸ਼ੀ ਜਸਵੰਤ ਸਿੰਘ, ਮਖਣ ਸਿੰਘ ਜੀ ਦਾ ਕੀਰਤਨ ਕਰਦਾ ਸੀ ਸੰਤ ਜੀ ਅਤੇ ਬਾਬਾ ਜੀ ਗੁਰੂ ਦੀਆਂ ਸੰਗਤਾਂ ਨੂੰ ਗੁਰੂ ਨਾਨਕ ਪਾਤਿਸ਼ਾਹ ਦੀ ਬਾਣੀ ਨਾਲ ਜੋੜਦੇ ਸਨ, ਸੰਤ ਜੀ ਨੇ ਬਾਬਾ ਜੀ ਨੂੰ ਬੜੇ ਸੁੰਦਰ ਇਰਾਨੀ ਗਲੀਚੇ, ਮਾਇਆ, ਦਸਤਾਰੇ, ਬਸਤਰਾਂ ਦੀ ਭੇਟਾ ਕੀਤੀ ਤੇ ਵਿਦਾ ਕੀਤਾ, ਬਚਨ ਲਿਆ ਫੇਰ ਆ ਸੰਗਤਾਂ ਨੂੰ ਗੁਰਚਰਨਾਂ ਨਾਲ ਜੋੜਨ ਦਾ ਪ੍ਰੋਗਰਾਮ ਛੇਤੀ ਬਨਾਇਆ ਜਾਵੇ ।

੨੮ ਸਤੰਬਰ ੧੯੭੨— ਸਰਦਾਰ ਗੁਰਬਖਸ਼ ਸਿੰਘ ਜੀ ਘਲੋਟੀ ਵਾਲਿਆਂ ਦੇ ਪੋਤਰੇ ਸ: ਨਾਨਕ ਸਿੰਘ ਦੇ ਜਨਮ ਦਿਨ ਤੇ ਬਾਬਾ ਜੀ ਨੇ ਆਪ ਪੁਜ ਬਾਰਕ ਨੂੰ ਗੁਰੂ ਨਾਨਕ ਪਾਤਸ਼ਾਹ ਦੀਆਂ ਅਸੀਸਾਂ ਬਖਸ਼ੀਆਂ ।

ਬਰਸੀ ਸ੍ਰੀ ਮਾਨ ਸੰਤ ਦਾਸ ਜੀ ਖੁਡ ਮਹੱਲਾ ਲੁਧਿਆਣਾ ।

੩-੪-੫ ਅਕਤੂਬਰ ੧੯੭੨—ਇਨ੍ਹਾਂ ਦਿਹਾੜਿਆਂ ਤੇ ਸ੍ਰੀ ਮਾਨ ਬਾਵਾ ਚਰਨ ਦਾਸ ਜੀ ਖੁਡ ਮਹਲੇ—ਮਸਜਿਦ ਨਿਵਾਸੀਆਂ ਨੇ ਬੜੀ ਸਜ ਧਜ ਨਾਲ ੨੧ ਅਖੰਡ ਪਾਠਾਂ ਦੇ ਭੋਗ ਪਵਾ, ਦੀਵਾਨ ਸਜਾਏ ਜਿਨ੍ਹਾਂ ਵਿਚ ਉਚੇਚੇ ਬਾਬਾ ਸਾਹਿਬ ਸਿੰਘ ਜੀ ਦੇ ਡੇਰੇ ਨੂੰ ਯਾਦ ਕੀਤਾ ਤੇ ਬੇਅੰਤ ਗੁਰਮਤਿ ਦਾ ਪ੍ਰਚਾਰ ਹੋਇਆ । ਆਪ ਬਾਬਾ ਸ੍ਰੀ ਚੰਦ ਜੀ ਮਹਾਰਾਜ ਦੇ ਉਦਾਸੀ ਭੇਖ ਵਿਚੋਂ ਹਨ ਤੇ ਬਾਬਾ ਮਧੁਸੂਦਨ ਸਿੰਘ ਜੀ, ਬਾਬਾ ਲਖਮੀ ਦਾਸ ਜੀ ਦੀ ਸੰਤਾਨ ਵਿਚੋਂ, ਇੰਜ ਜਾਪਦਾ ਸੀ ਜੋ ਗੁਰੂ ਨਾਨਕ ਪਾਤਸ਼ਾਹ ਦੇ ਦੀਵਾਨ ਵਿਚ ਦੋਨੋਂ ਪੁੱਤਰ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਪਧਾਰੇ ਹੋਏ ਹਨ ਤੇ ਦੋਨਾਂ ਦੇ ਮੁਖਾਰਬਿੰਦ ਤੋਂ ਸੱਚਾ ਸੁਚਾ ਗੁਰੂ ਨਾਨਕ ਪਾਤਸ਼ਾਹ ਦੇ ਗੁਰਮਤਿ ਦਾ ਪ੍ਰਚਾਰ ਸੰਗਤਾਂ ਸੁਣ ਅਤੀ ਪ੍ਰਸੰਨ ਹੋਈਆਂ । ਗੁਰ ਅੰਸਾਂ ਦੀ ਸੰਗਤ ਵਿਚ ਹੀ ਸਚ ਹੈ, ਆਪਾਂ ਜੇ ਬਾਪੂ ਗੁਰੂ ਨਾਨਕ ਪਾਤਸ਼ਾਹ ਨਾਲ ਨਾ ਜੋੜਨਗੇ ਤੇ ਹੋਰ ਕਿਸ ਦਾ ਪ੍ਰਚਾਰ ਕਰਨਗੇ । ਅੰਦਰ ਬਾਹਰ ਇਕ ਦਾ ਉਪਦੇਸ਼ ਅਜ ਦੇ ਮਨਘੜਤ ਪਾਖੰਡੀ ਡੰਮੀ ਗੁਰੂ ਪਾਸੋਂ ਕਨਾਰਾ ਕਰਾਨ ਵਾਲਾ ਉਪਦੇਸ਼ । ਸਚ ਨਾਲ ਸੰਗਤਾਂ ਨੂੰ ਜੋੜਿਆ । ਕਾਫੀ ਪ੍ਰਸੰਤਾ ਹੋਈ ।

੭ ਅਕਤੂਬਰ ੧੯੭੨—**ਅਮਾਵਸ ਦਾ ਪ੍ਰੋਗਰਾਮ**—ਹਰ ਅਮਾਵਸ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਦੇ ਦਮਦਮਾ ਅਸਥਾਨ ਤੇ ਹਰ ਮਹੀਨੇ ਅਖੰਡ ਪਾਠ ਰਖਵਾ ਬੜਾ ਭਾਰੀ ਮੇਲਾ ਮਨਾਇਆ ਜਾਂਦਾ ਹੈ। ਹਜ਼ਾਰਾਂ ਸੰਗਤਾਂ ਇਕੱਠੀਆਂ ਹੁੰਦੀਆਂ ਹਨ, ਜੋ ਜਿੰਨਾਂ ਤੇ ਬੁਤਾਂ ਨੂੰ ਪੂਜਨ ਵਾਲੀਆਂ ਅਜ ਗੁਰਮਤਿ ਵਿਚ ਆ ਆਨੰਦ ਮਾਣ ਰਹੀਆਂ ਹਨ। ਇਹ ਸਭ ਪ੍ਰਤਾਪ ਬਾਬਾ ਮਧੁਸੂਦਨ ਸਿੰਘ ਜੀ ਦੇ ਨਿਧੱੜਕ ਪ੍ਰਚਾਰ ਦਾ ਹੈ । ਬੇ-ਪ੍ਰਵਾਹ ਬਾਬਾ ਬੇਮੁਹਤਾਜ ਬਾਬਾ ਆਪ ਸਚ ਨੂੰ ਅਪਣਾਉਂਦਾ ਹੈ ਤੇ ਸੰਗਤਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਗੁਰਬਾਣੀ ਸੁਣਾ ਗੁਰੂ ਨਾਨਕ ਪਾਤਸ਼ਾਹ ਨੂੰ ਹਾਜ਼ਰ ਨਾਜ਼ਰ ਜਾਣਨ ਲਈ ਉਪਦੇਸ਼ ਕਰਦਾ ਹੈ । ਇਸ ਦੀਵਾਨ ਵਿਚ ਫ਼ੈਸਲਾ ਹੋਇਆ ਜੋ ਜ਼ਮੀਨ ਚਾਰੇ ਪਾਸੇ 60 × 40 ਵਰਗ ਫੁਟ ਅਸ਼ਾਨ ਲੋਕਾਂ ਦੀ ਹੈ ਜੋ ਦੇਣ ਤੋਂ ਇਨਕਾਰੀ ਹਨ, ਸੋ ਅਸਥਾਨ ਦੀ ਬਿਲਡਿੰਗ ਤੇ ਪੌੜੀ ਚੜ੍ਹਾਈ ਜਾਵੇ ਤੇ ਹੋਰ ਇਮਾਰਤ ਉਪਰਲੀ ਮੰਜ਼ਲ ਤੇ ਬਨਾਈ ਜਾਵੇ । ਜਿਸ ਦੀ ਤਿਆਰੀ ਲਈ ਸੇਵਾਦਾਰਾਂ ਨੂੰ ਤੇ ਸੰਤ ਸੁਜਾਨ ਸਿੰਘ ਅਤੇ ਜਥੇਦਾਰ ਮੋਹਨ ਸਿੰਘ ਜੀ

ਤੇ ਜ਼ੋਰ ਪਾਇਆ ਗਿਆ ਤੇ ਆਪਣੇ ਗੁਰੂ ਸੇਵਾ ਨੂੰ ਪਰਵਾਨ ਕਰ ਖੁਸ਼ੀਆਂ ਪ੍ਰਾਪਤ ਕੀਤੀਆਂ । ਆਸ ਹੈ ਆਉਣ ਵਾਲੀ ਅਮਾਵਸ 5 ਨਵੰਬਰ ਤਕ ਪੌੜੀ ਬਣ ਜਾਵੇਗੀ ।

੮-੯-੧੦ ਅਕਤੂਬਰ ੧੯੭੨—ਸੰਗਤਾਂ ਜ਼ੀਰਾ ਜ਼ਿਲਾ ਫੀਰੋਜ਼ਪੁਰ ਵਿਚ ਸਰਦਾਰ ਜਗਤਾਰ ਸਿੰਘ ਜੀ ਡਾਕਟਰ ਲਾਲ ਸਿੰਘ ਜੀ ਦੇ ਗ੍ਰਹਿ ਵਿਖੇ ਬੜੀ ਸਜ ਧਜ ਨਾਲ ਦੀਵਾਨ ਹੋਏ । ਇਸ ਨਗਰ ਵਿਚ ਗੁਰਮਤਿ ਪਛੜੀ ਹੈ ਪਰ ਦੀਵਾਨ ਬਾਦ ਸੰਗਤਾਂ ਗੁਰੂ ਨਾਨਕ ਪਾਤਸ਼ਾਹ ਪਾਸੋਂ ਵਿਛੜੀਆਂ ਹੋਈਆਂ ਮੁੜ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਦੀਆਂ ਭੌਰੀਆਂ ਹੋ ਗਈਆਂ ।

੧੧-੧੨-੧੩ ਅਕਤੂਬਰ ੧੯੭੨—ਸ. ਸੁਰਜੀਤ ਸਿੰਘ ਜੀ ਜੜੀਆ, ਰੜੀ ਮੁਹਲਾ ਵਿਖੇ 2 ਅਖੰਡ ਪਾਠਾਂ ਦੇ ਭੋਗ ਪਏ ਤੇ ਪ੍ਰਚਾਰ ਗੁਰੂ ਨਾਨਕ ਪਾਤਿਸ਼ਾਹ ਦਾ ਹੋਇਆ ।

੧੩-੧੪-੧੫ ਅਕਤੂਬਰ ੧੯੭੨—ਸ੍ਰੀ ਲੇਖ ਰਾਜ ਦੇ ਗ੍ਰਹਿ ਵਿਖੇ ਰੜੀ ਮਹਲਾ ਲੁਧਿਆਣਾ ਵਿਖੇ ਇਕ ਅਖੰਡ ਪਾਠ ਰਖਿਆ ਗਿਆ ਤੇ ਭੋਗ ਪਿਆ । ਬੜੀ ਸਜ ਧਜ ਨਾਲ ਦੀਵਾਨ ਸਜਾਏ ਗਏ ਤੇ ਗੁਰੂ ਕਾ ਲੰਗਰ ਅਤੁਟ ਵਰਤਿਆ ।

## ਦੀਵਾਨ ਗੁਰਦੁਆਰਾ ਗੁਰੂ ਤੇਗ ਬਹਾਦਰ ਜੀ ਫ਼ੀਲਡ ਗੰਜ ਲੁਧਿਆਣਾ

੧੧ ਤੋਂ ੧੫ ਅਕਤੂਬਰ ਤਕ—ਲੁਧਿਆਨਾ ਨਿਵਾਸੀ ਸੰਗਤਾਂ ਦੀ ਪ੍ਰੇਰਨਾ ਅਨੁਸਾਰ ਇਨ੍ਹਾਂ ਦਿਹਾੜਿਆਂ ਵਿਚ ਨਿਤ ਰਾਤ ਨੂੰ ਦੀਵਾਨ ਗੁਰੂ ਦੁਆਰੇ ਸਜਾਏ ਗਏ । ਬੇਅੰਤ ਸੰਗਤਾਂ ਨਿਤ ਇਕੱਠੀਆਂ ਹੋਈਆਂ । ਜਿਥੇ ਨਿਤ ਸੰਤ ਹਰਬੰਸ ਸਿੰਘ ਜੀ ਕੀਰਤਨ ਕਰਦੇ ਰਹੇ ਨਾਲ ਬਾਬਾ ਮਧੁਸੂਦਨ ਸਿੰਘ ਜੀ ਸੰਗਤਾਂ ਦੀਆਂ ਬਿਰਤੀਆਂ ਆਪ ਦੇ ਜੀਵਨ ਵਲ ਮੋੜਦੇ ਰਹੇ ਤੇ ਆਖਿਆ ਗੁਰ ਸਿਖ ਬਣੋ—ਅੰਮ੍ਰਿਤ ਵੇਲੇ ਜਾਗੋ—ਹਰੀ ਨਾਮ ਜਪੋ । ਮਨ ਘੜਤ ਨਾਮ ਤਿਆਗੋ । ਗੁਰਬਾਣੀ ਗਾਇਨ ਕਰੋ—ਤੁਰਦੇ ਫਿਰਦੇ ਹਰੀ ਨਾਮ ਜਪਿਆ ਕਰੋ—ਤਾਂ ਗੁਰੂ ਨਾਨਕ ਪਾਤਸ਼ਾਹ ਦੀ ਪ੍ਰਸੰਤਾ ਦੇ ਪਾਤਰ ਬਣੋਗੇ ।

"ਜਨ ਨਾਨਕ ਧੂੜ ਮੰਗੈ ਤਿਸ ਗੁਰ ਸਿਖ ਕੀ, ਜੋ ਆਪ ਜਪੈ ਅਵਰਾ ਨਾਮ ਜਪਾਵੈ"

ਫੇਰ ਫੁਰਮਾਇਆ ਅਜ ਕਲ ਕਲਜੁਗ ਦੇ ਝੂਠੇ ਧੜਿਆਂ ਨੂੰ ਛਡੋ । ਸਚ ਨੂੰ ਅਪਨਾਓ ਤੇ ਬਣਾਓ ਹਰੀ ਦਾ ਧੜਾ ।

"ਹਮਾਰਾ ਧੜਾ ਹਰ ਰਹਿਆ ਸਮਾਏ"

ਜਿਸ ਦੇ ਬਣਨ ਨਾਲ ਹੀ, ਗੁਰ ਅੰਸਾਂ ਦੀ ਅਗਵਾਈ ਹੇਠ ਧੜਾ ਕਾਇਮ ਹੋਇਆ ਸੀ ਤਾਂ ਸਿਖ ਰਾਜ ਕਾਇਮ ਹੋਇਆ ਸੀ । ਆਓ ਆਪਣੀ ਰਹੁ-ਰੀਤੀ ਨੂੰ ਦੁਹਰਾ ਲਓ— ਜਿਨ੍ਹਾਂ ਸਿਖਾਂ, ੧੮ਵੀਂ ਸਦੀ ਵਿਚ ਅਪਨਾਇਆ ਸਿਖ ਰਾਜ ਪ੍ਰਾਪਤ ਕਰ ਲਿਆ । ਆਪ ਅਪਨਾਉਗੇ ਫਲ ਪਾਉਗੇ । ਜੋ ਆਪ ਗੁਰ ਸਿਖਾਂ ਲਈ ਸੁਖਦਾਇਕ ਹੋਵੇਗਾ। ਸੰਗਤਾਂ ਬੜੀਆਂ ਪ੍ਰਸੰਨ ਹੋਈਆਂ ਤੇ ਹੋਰ ਸਮੇਂ ਦੀ ਮੰਗ ਕੀਤੀ । ਜਿਸ ਪੁਰ ਫੇਰ ਬਾਬਾ ਜੀ ਨੇ ਆਉਣ ਦਾ ਵੈਚਾ ਕੀਤਾ ।

੧੬-੧੭-੧੮ ਅਕਤੂਬਰ—ਦਸਵੀਂ ਦਾ ਦਿਹਾੜਾ ਬਾਬਾ ਸਾਹਿਬ ਸਿੰਘ ਜੀ ਦੇ ਦਮਦਮਾ ਅਸਥਾਨ ਮਨਸੂਰਾਂ ਨਗਰ ਵਿਖੇ ਬੇਅੰਤ ਸੰਗਤਾਂ ਇਕੱਠੀਆਂ ਹੋਈਆਂ ਤੇ ਤਿੰਨ ਅਖੰਡ ਪਾਠਾਂ ਦਾ ਭੋਗ ਪਿਆ । ਹੇਠ ਲਿਖੇ ਵਿਅਕਤੀਆਂ ਨੇ ਅਖੰਡ ਪਾਠ ਰਖਵਾਏ—

1. ਸਰਦਾਰ ਲਖਬੀਰ ਸਿੰਘ ਮਨਸੂਰਾਂ।
2. ਬੀਬੀ ਬਲਜਿੰਦਰ ਕੌਰ ਜੰਡਾਲੀ।
3. ਸਰਦਾਰ ਲਖਬੀਰ ਸਿੰਘ ਸੇਖੇ ਆਲ ਲੁਧਿਆਣਾ।

ਗੁਰੂ ਕਾ ਲੰਗਰ ਅਤੁੱਟ ਵਰਤਿਆ

੧੯ ਅਕਤੂਬਰ ੧੯੭੨—ਸਰਦਾਰ ਨਰਾਇਣ ਸਿੰਘ ਗੁਰ ਸਿੰਘ ਜਿਨ੍ਹਾਂ ਅਖੰਡ ਪਾਠ ਰਖਵਾਇਆ, ਦੇ ਗ੍ਰਿਹ ਵਿਖੇ ਛੋਣੀ ਮਹਲੇ ਲੁਧਿਆਣੇ ਵਿਖੇ ਮੁਨਸ਼ੀ ਜਸਵੰਤ ਸਿੰਘ ਨੇ ਕੀਰਤਨ ਕੀਤਾ ਤੇ ਬਾਬਾ ਮਧੂਸੂਦਨ ਸਿੰਘ ਜੀ ਨੇ ਸਰਬੱਤ ਮਹਲਾ ਨਿਵਾਸੀਆਂ ਨੂੰ ਪਰੇਰਿਆ ਜੋ ਗੁਰੂ ਨਾਨਕ ਪਾਸੋਂ ਦੂਰ ਜਾ ਨਿਰੰਕਾਰੀਆਂ ਨਾਲ ਜੁੜ ਰਹੀਆਂ ਹਨ, ਮੁੜ ਗੁਰੂ ਨਾਨਕ ਪਾਤਸ਼ਾਹ ਨੂੰ ਅਪਨਾਉਣ, ਗੁਰੂ ਗਰੰਥ ਸਾਹਿਬ ਪਾਤਸ਼ਾਹਾਂ ਦਾ ਆਤਮਕ ਸਰੂਪ ਹੈ ਇਸ ਵਿਚੋਂ ਗਿਆਨ ਪ੍ਰਾਪਤ ਹੁੰਦਾ ਹੈ। ਜੇ ਮਨ ਚਿਤ ਇਸ ਨਾਲ ਜੋੜੀਐ। ਦਾਸ ਅਤੇ ਸਰਬੱਤ ਬਜ਼ੁਰਗਾਂ ਦਾ ਇਹ ਹੀ ਕਰਤਬ ਰਿਹਾ ਹੈ ਜੋ ਪਾਕਿਸਤਾਨ ਵਿਖੇ ਵੀ ਆਪ ਦੇ ਨਗਰਾਂ ਵਿਚ ਜਾ ਜਾ ਕੇ ਪ੍ਰਚਾਰ ਇਸੇ ਵਸਤੂ ਦਾ ਕਰਦੇ ਸਨ। ਆਓ ਇਕ ਦੇ ਝੰਡੇ ਹੇਠ। ਤੇ ਤਿਆਗੋ ਝੂਠ ਤੇ ਝੂਠਿਆਂ ਨੂੰ। ਜੋ ਮਾਇਆ ਬਾਬਾ ਮਧੂਸੂਦਨ ਸਿੰਘ ਜੀ ਅਗੇ ਭੇਟ ਕੀਤੀ ਸੰਗਤ ਨੇ ਸੋ ਬਾਬਾ ਜੀ ਨੇ ਲੈਣ ਤੋਂ ਇਨਕਾਰ ਤੇ ਵਾਪਸ ਕਰ ਦਿਤੀ ਕਿ ਜਦ ਤਕ ਸਹੀ ਰਸਤੇ ਤੇ ਸੰਗਤ ਸਾਰੀ ਮਹਲਾ ਨਿਵਾਸੀ ਨਹੀਂ ਆਉਣਗੇ ਮੈਂ ਆਪ ਦੀ ਭੇਟਾ ਨਹੀਂ ਲੈ ਸਕਦਾ।

# ਪ੍ਰੋਗਰਾਮ

## ਗੁਰੂ ਨਾਨਕ ਪਾਤਿਸ਼ਾਹ ਦਾ ਜਨਮ ਦਿਹਾੜਾ

੯ ਤੋਂ ੧੩ ਨਵੰਬਰ ੧੯੭੨— ਦੀਵਾਨ ਗੁਰਦੁਆਰਾ ਕਲਗੀਧਰ ਸੰਗਤ ਦੇ ਹੁਕਮ ਦੀ ਪਾਲਨਾ ਕਰ ਰਖੇ ਗਏ ਹਨ।

੧੪ ਤੋਂ ੧੬ ਨਵੰਬਰ ੧੯੭੨— ਦਸਵੀਂ ਦਮਦਮਾ ਅਸਥਾਨ ਬਾਬਾ ਸਾਹਿਬ ਸਿੰਘ ਜੀ ਮਨਸੂਰਾਂ ਵਿਖੇ ਜਿਥੇ ਦਸਵੀਂ ਦੇ ਦੀਵਾਨ ਹੋਣਗੇ ਉਥੇ ਪਾਤਸ਼ਾਹਾਂ ਦਾ ਗੁਰਪੁਰਬ ਮਨਾਇਆ ਜਾਵੇਗਾ।

੧੭ ਨਵੰਬਰ ੧੯੭੨— ਅਕਾਦਸ਼ੀ ਦੇ ਦਿਹਾੜੇ ਅਸਥਾਨ ਬਾਬਾ ਸਾਹਿਬ ਸਿੰਘ ਜੀ ਖੰਡੂਰ ਨਗਰ ਵਿਖੇ ਗੁਰਪੁਰਬ ਮਨਾਇਆ ਜਾਵੇਗਾ।

੧੮ ਨਵੰਬਰ ੧੯੭੨— ਗੁਰਦੁਆਰਾ ਕਲਗੀਧਰ ਤੇ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਲੁਧਿਆਣਾ ਵਿਖੇ ਬੜਾ ਭਾਰੀ ਜਲੂਸ ਗੁਰੂ ਨਾਨਕ ਪਾਤਸ਼ਾਹ ਦੇ ਜਨਮ ਦਿਵਸ ਦੀ ਖੁਸ਼ੀ ਵਿਚ ਬੀਸੀਓਂ ਟਰੈਕਟਰ ਸਜ ਧਜ ਨਾਲ ਜੋ ਜਲੂਸ ਨਿਕਲੇਗਾ ਮਹਾਰਾਜ ਦੀ ਤਾਬਿਆ ਦਾਸ ਹਾਜ਼ਰੀ ਭਰੇਗਾ।

੧੯—੨੦ ਨਵੰਬਰ ੧੯੭੨— ਗੁਰਪੁਰਬ ਹੱਟ ਸਾਹਿਬ ਗੁਰਦੁਆਰਾ ਸੁਲਤਾਨਪੁਰ ਜ਼ਿਲਾ ਕਪੂਰਥਲਾ ਵਿਖੇ ਹਾਜ਼ਰੀ ਦਾਸ ਭਰੇਗਾ ਤੇ ਹਰ ਦੋ ਵਕਤ ਦੀਵਾਨ ਸਜਣਗੇ।

# ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਗਰਲਜ਼ ਕਾਲਜ ਮਨਸੂਰਾਂ

ਹਕੂਮਤ ਦੇ ਕਰਮਚਾਰੀਆਂ ਨਾਲ ਲਿਖਾ ਪੜੀ ਤੇ ਕੋਸ਼ਸ਼ ਜ਼ਾਤੀ ਤੌਰ ਤੇ ਕੀਤੀ ਗਈ, ਮਨਿਸਟਰ ਤੇ ਡਾਇਰੈਕਟਰਾਂ ਨੂੰ ਮਿਲਿਆ ਗਿਆ, ਪਰ ਜੋ ਜ਼ਮੀਨ ਮਨਸੂਰਾਂ ਦੀ ਪੰਚਾਇਤ ਨੇ ਰੇਜ਼ੋਲਿਊਸ਼ਨ ਦੁਆਰਾ ਦੇਣ ਦੀ ਕ੍ਰਿਪਾਲਤਾ ਕੀਤੀ ਸੀ ਸੋ ਅਜੇ ਤਕ, ਉਸ ਨੂੰ ਕਾਲਜ ਦੇ ਨਾਉਂ ਲਾਉਣ ਦਾ ਕੰਮ ਮੁਕੰਮਲ ਨਹੀਂ ਹੋਇਆ, ਨਾ ਹੀ ਮੈਨੂੰ ਓਮੀਦ ਹੀ ਰਹੀ ਹੈ ਜੋ ਇਹ ਕਰਮਚਾਰੀ ਜੋ ਪੁਲਿਟੀਕਲ ਰੰਗ ਵਿਚ ਖੇਡ ਰਹੇ ਹਨ, ਕਦੇ ਗੁਰਮਤਿ ਦੇ ਕਾਰਜਾਂ ਵਲ ਧਿਆਨ ਦੇਣਗੇ। ਇਸ ਲਈ ਜਦ ਤਕ ਜ਼ਮੀਨ ਨਾ ਮਿਲੇ ਇਸ ਦੀ ਕਾਮਯਾਬੀ ਹੋਣੀ ਮੁਸ਼ਕਲ ਹੀ ਜਾਪਦੀ ਹੈ, ਤੇ ਮੈਂ ਲਾਚਾਰ ਹਾਂ।

# ਮਨੀਆਰਡਰ ਅਜੂਨੀ ਵਾਸਤੇ

6 ਰੁਪੈ ਸ. ਬਲਵੰਤ ਸਿੰਘ — ਸਕੰਦਰਾਬਾਦ,
10 ਰੁਪੈ ਸ੍ਰੀਮਤੀ ਗੁਰਨਾਮ ਕੌਰ ਗਿਲ — ਲੁਧਿਆਣਾ
6 ਰੁਪੈ ਸ੍ਰੀਮਤੀ ਵਿਮਲਾ ਜੇ ਮੁਨਰੰਦਾਨੀ — ਦੇਓਲਾਲੀ
6 ਰੁਪੈ ਬਾਬਾ ਹੁਸ਼ਿਆਰ ਸਿੰਘ ਜੀ — ਦੇਓਲਾਲੀ
10 ਰੁਪੈ ਸ੍ਰੀ ਬਸ਼ੇਸ਼ਵਰ ਲਾਲ ਬ੍ਰਿਜਲਾਲ — ਡੇਰਾਦੂਨ
21 ਰੁਪੈ ਸ. ਗੁਰਬਖਸ਼ ਸਿੰਘ ਨਰੂਲਾ — ਦਿਲੀ-6
5 ਰੁਪੈ ਬੀਬੀ ਰੰਜੀਤ ਕੌਰ ਮਾਸਟਰਨੀ — ਸਮਰਾਲਾ—ਲੁਧਿਆਣਾ
25 ਰੁਪੈ ਸ੍ਰੀ ਗਰਧਾਰੀ ਜੀ — ਨਾਗਪੁਰ
10 ਰੁਪੈ ਸ. ਗੁਰਬਖਸ਼ ਸਿੰਘ ਰਾਮ ਸਿੰਘ — ਰੋਹਤਕ
10 ਰੁਪੈ ਸ. ਰਜਿੰਦਰ ਸਿੰਘ ਲਾਂਬਾ — ਗੁੜਗਾਓਂ
15 ਰੁਪੈ ਸ. ਮਹਤਾਬ ਸਿੰਘ — ਸਹਾਰਨਪੁਰ
10 ਰੁਪੈ ਸ. ਕਾਹਨ ਸਿੰਘ ਮਨਜੀਤ ਸਿੰਘ ਮਕੜ — ਕਰਨਾਲ
6 ਰੁਪੈ ਸੰਤ ਬਾਬਾ ਕਰਤਾਰ ਸਿੰਘ ਨਾਨਕ ਝੇਰਾ — ਬਿਦਰ

## ਭੇਜਣ ਵਾਲਿਆਂ ਦਾ ਧੰਨਵਾਦੀ ਹਾਂ

ਜੁਲਾਈ ਅਗਸਤ "ਅਜੂਨੀ" ਦੀ ਛਪਵਾਈ ਦਾ ਖ੍ਰਚ ਕੁਲ 1300 ਪ੍ਰਚਿਆਂ ਦਾ 1570 ਰੁਪੈ 40 ਪੈਸੇ ਅਕਾਡਮੀ ਪ੍ਰੈਸ ਦਾ ਬਿਲ ਸੀ ਤੇ ਹੋਰ ਖ੍ਰਚਾਂ ਡਾਕ ਤੇ ਸਟਾਫ ਦਾ, ਆਵਾਜਾਈ ਦਾ। 430 ਹੈ ਕੁਲ 2000 ਹੋਇਆ। ਸੰਗਤਾਂ ਜਿਨਾਂ ਨੂੰ ਅਜੂਨੀ ਪੁਜ ਰਹੀ ਹੈ, ਨੇ ਮਾਇਕ ਸਹਾਇਤਾ ਕਰਨੀ ਅਜੇ ਜੋਗ ਨਹੀਂ ਸਮਝੀ, ਜ਼ਰੂਰੀ ਨੋਟ ਫਰਮਾਓਨ ਤੇ ਘਲਣ ਦੀ ਕ੍ਰਿਪਾਲਤਾ ਕਰਨ।

## ਵਧਾਈ

ਪ੍ਰਮੇਸ਼ਵਰ ਦਿਤਾ ਬੰਨਾ। ਦੂਖ ਰੋਗ ਕਾ ਡੇਰਾ ਭੰਨਾ॥
ਆਨੰਦ ਕਰੋ ਨਰ ਨਾਰੀ। ਹਰ ਹਰ ਪ੍ਰਭ ਕਿਰਪਾ ਧਾਰੀ॥

ਖੁਸ਼ੀ ਹੋਈ ਜੋ ਪ੍ਰਮੇਸ਼ਵਰ—ਧਨ ਗੁਰੂ ਨਾਨਕ ਪਾਤਸ਼ਾਹ ਦੀ ਕ੍ਰਿਪਾ ਨਾਲ, ਅਰਦਾਸ ਪ੍ਰਵਾਨ ਕਰ ਬਾਬਾ ਇੰਦਰ ਸਿੰਘ ਜੀ ਬੇਦੀ ਨਾਭਾ ਨਿਵਾਸੀ ਜੀ ਦੇ ਘਰ ਪੋਤਰੇ ਦੀ ਦਾਤ ਬਖਸ਼ੀ ਹੈ, ਸਤਿਗੁਰੂ ਇਸ ਬਾਰਕ ਦੀ ਵਡੀ ਵਡੀ ਆਯੂ ਬਖਸ਼ਨ ਤੇ ਆਪਣੇ ਮਾਤਾ ਪਿਤਾ ਤੇ ਦਾਦਾ ਜੀ ਨੂੰ ਖੁਸ਼ੀ ਤੇ ਸੁਖ ਦੇਵੇ।

## ਦਰ ਨਾਨਕ ਦਾ ਫੜ ਲਈਂ ਜਿੰਦੇ

(ਸ. ਬਲਵੰਤ ਸਿੰਘ ਜੀ 'ਨੂਰ')

ਦਰ ਨਾਨਕ ਦਾ ਫੜ ਲਈਂ ਜਿੰਦੇ, ਫੜ ਕੇ ਫੇਰ ਤੂੰ ਛੱਡੀਂ ਨਾ।
ਵਾਂਗ ਦਰੀ ਦੇ ਦਰ ਤੇ ਵਿਛ ਪਈਂ, ਚਰਨ ਚੁਮੀ ਮੂੰਹ ਟੱਡੀਂ ਨਾ।
ਨਾਨਕ ਦਾ ਦਰ ਸਭ ਤੋਂ ਉੱਚਾ, ਭੁੱਲੀ ਹੋਰ ਦਰ ਅਡੀਂ ਨਾ।
ਸਿਕ ਦਰਸ ਦੀ ਹਿਰਦੇ ਰਖੀਂ, ਪੱਬ ਚੁਕ ਲਾਈਂ ਅਡੀ ਨਾ।
ਨੀਵਿਆਂ ਨੂੰ 'ਨੂਰ' ਬਖ਼ਸ਼ਸ਼ ਮਿਲਦੀ, ਜਿੰਦੇ ਭੂਲ ਬਣੀਂ ਵਡੀ ਨਾ।

# ਪਾਠਕਾਂ ਦੇ ਪੱਤਰ

੧ ਓ ਸਤਿਗੁਰ ਪ੍ਰਸਾਦਿ ॥

ਪ੍ਰਮ ਪਵਿਤਰ ਸਤਿਕਾਰ ਯੋਗ ਸੰਤ ਬਾਬਾ ਜੀਓ

ਚਰਨ ਬੰਦਨਾ ਅਤੇ ਸਤਿਕਾਰ ਸਹਿਤ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਆਪ ਜੀ ਦਾ ਧਰਮ ਪ੍ਰਚਾਰ ਹਿਤ ਸ਼ੁਰੂ ਕੀਤਾ ਪਰਚਾ ਅਜੂਨੀ ਇਕ ਗੁਰੂ ਪਿਆਰੇ ਜੀ ਪਾਸੋਂ ਇਤਫਾਕਨ ਲੈ ਕੇ ਪੜ੍ਹਿਆ। ਆਪ ਜੀਦੇ ਵਡਿਆਂ ਬਜ਼ੁਰਗਾਂ ਤੋਂ ਇਹ ਪਰੰਪਰਾ ਗੁਰਮਤਿ ਦੀ ਸਿਖਿਆ ਚੜ੍ਹਦੀ ਕਲਾ ਵਿਚ ਰਹੀ ਹੈ। ਮੁਸੀਬਤਾਂ ਦਾ ਸਾਹਮਣਾ ਕਰਦਿਆਂ ਹੋਇਆਂ ਪ੍ਰਚਾਰ ਵਿਚ ਕਦੇ ਖਾਮੀ ਨਹੀਂ ਆਈ ਅਤੇ ਆਪ ਵੀ ਪੂਰੀ ਕੋਸ਼ਸ਼ ਨਾਲ ਉਨ੍ਹਾਂ ਦੇ ਪੂਰਨਿਆਂ ਤੇ ਚਲ ਰਹੇ ਹੋ। ਦਾਸ ਨੂੰ ਤਾਂ ਉਹ ਆਨੰਦ ਆਇਆ ਹੈ ਕਿ ਬਾਬਾ ਸਾਹਿਬ ਸਿੰਘ ਜੀ ਦੇ ਪਵਿਤ੍ਰ ਪਾਵਨ ਦਰਸ਼ਨ ਹੋ ਗਏ। ਸਾਰੀ ਬੰਸਾਵਲੀ ਸ੍ਰੀ ਸਤਿਗੁਰ ਨਾਨਕ ਦੇਵ ਦੀ ਅੰਸ ਬਾਬਾ ਜੀਉ ਆਪ ਦਰਸ਼ਨ ਕਰਾ ਰਹੇ ਹੋ। ਧੰਨ ਹੋ ਧੰਨਤਾ ਦੇ ਬਾਬਾ ਜੀ ਯੋਗ ਹੋ। ਦਾਸ ਨੇ ਛੋਟੇ ਹੁੰਦਿਆਂ ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ ਜੀ ਦੇ ਪਵਿਤਰ ਦਰਸ਼ਨ ਕੀਤੇ ਸਨ। ਉਸ ਵੇਲੇ ਅਸ਼ੀਂ ਅਠ ਕੋਹ ਅਗੋਂ ਲੈਣ ਜਾਂਦੇ ਸੀ। ਸਾਰਾ ਪਰਵਾਰ ਰਥਾਂ ਵਿਚ ਅਤੇ ਘੋੜਿਆਂ ਤੇ ਸਾਰੇ ਸ਼ਹਿਰਾਂ, ਪਿੰਡ ਪਿੰਡ ਅਤੇ ਘਰ ਘਰ ਵਿਚ ਗੁਰਮਤਿ ਦਾ ਪ੍ਰੇਮ ਨਾਲ ਪ੍ਰਚਾਰ ਕਰਿਆ ਕਰਦੇ ਸਨ। ਆਪ ਜੀ ਦਾ ਅਜੂਨੀ ਗੁਰਸਿਖੀ, ਖ਼ਾਲਸਾ ਪੰਥ ਨੂੰ ਘੂਕ ਨਿੰਦਰਾ, ਗੁਰਮਤ ਤੋਂ ਵਿਛੜੇ, ਅਜ ਦੇ ਨੌਜਵਾਨ ਪੰਥ ਦੇ ਆਗੂ ਅਤੇ ਪ੍ਰਚਾਰਕ ਅੰਧ ਗੁਬਾਰ ਵਿਚ ਪਏ ਹੋਇਆਂ ਨੂੰ ਸਾਖਿਆਤ ਸ੍ਰੀ ਗੁਰੂ ਨਾਨਕ ਜੀ ਦੀ ਜੋਤ ਪ੍ਰਕਾਸ਼ ਦੀ ਬਾਣੀ ਦੁਆਰਾ ਜਗਾ ਕੇ ਸੁਣਾ ਰਹੇ ਹੋ। ਧੰਨ ਹੋ, ਧੰਨ ਹੋ, ਕਲਜੁਗ ਦੇ ਭਾਗ ਜਾਗਣ ਤੇ ਪੰਥ ਦੇ ਨੌਜੁਆਨ ਬੱਚੇ ਸਾਬਤ ਸੂਰਤ ਵਿਚ ਵਿਚਰਨ। ਮੈਂ ਇਕ ਪਰਚਾ ਗੁਰ ਸੰਦੇਸ ਦਾ ਪੜ੍ਹਿਆ ਸੀ। ਉਸ ਵਿਚ ਬਾਬਾ ਸਾਹਿਬ ਸਿੰਘ ਜੀ ਦੇ ਕੁਝ ਪਰਚਾਰ ਦੇ ਬਾਰੇ ਪੜ੍ਹਿਆ। ਪਰ ਉਨ੍ਹਾਂ ਦੀਆਂ ਕਰਨੀਆਂ ਅਤੇ ਆਪ ਜੀ ਦੀਆਂ ਕਰਨੀਆਂ ਉਹ ਕਲਮ ਲਿਖ ਨਹੀਂ ਸਕਦੀ। ਉਨ੍ਹਾਂ ਦੇ ਉਪਕਾਰਾਂ ਦੀ ਕੌਣ ਲਿਖ ਸਕਦਾ ਹੈ। ਆਪ ਹੀ ਜਾਣੀ ਜਾਣ ਹੋ ਜੀ। ਆਪਣੀਆਂ ਸਿਫਤਾਂ ਆਪ ਹੀ ਕਰ ਸਕਦੇ ਹੋ ਅਤੇ ਆਪ ਹੀ ਲਿਖ ਸਕਦੇ ਹੋ। ਅਸੀਂ ਪਾਪੀ ਜੀਵ ਅਸਮਰਥ ਹਾਂ ਜੀ।

ਆਪ ਜੀ ਦਾ ਨਾਚੀਜ ਮਰਜੀਵੜਾ,
ਬਾਬਾ ਸਤਿਨਾਮ ਸਿੰਘ, ਹੈਲਥ ਸੈਂਟਰ ਪੰਜ ਗਰਾਈ, ਜ਼ਿਲਾ ਫਰੀਦ ਕੋਟ

ਸੰਪਾਦਕ ਅਜੂਨੀ ਜੀ,

ਸਤਿ ਸ੍ਰੀ ਅਕਾਲ। ਬੇਨਤੀ ਹੈ ਕਿ ਆਪ ਦਾ ਮਾਸਕ ਪੱਤਰ ਅਜੂਨੀ ਜੁਲਾਈ-ਅਗਸਤ ਨੂੰ ਪੜ੍ਹਿਆ। ਪੜ੍ਹ ਕੇ ਦਿਲ ਨੂੰ ਖੁਸ਼ੀ ਹੋਈ ਕਿ ਆਪ ਨੇ ਗੁਰੂ ਨਾਨਕ ਦੇ ਘਰ ਦੀ ਵਡਿਆਈ ਵਿਚ ਪੂਰਾ ਪੂਰਾ ਹਿੱਸਾ ਪਾਇਆ ਹੈ।

ਡਾ. ਗਿਆਨ ਸਿੰਘ ਮਸਕੀਨ, ਪਿੰਡ ਘਣਗੁਸ ਜ਼ਿਲਾ ਲੁਧਿਆਣਾ

ਮਹਾਰਾਜ ਆਪ ਜੀ ਨੇ ਅਜੂਨੀ ਪਤਰ ਵਿਚ ਗੁਰੂ ਬਾਬਾ ਸਾਹਿਬ ਸਿਂਘ ਜੀ ਮਹਾਰਾਜ ਦੋ ਜਹਾਨ ਵਾਲੀ ਦਾ ਪ੍ਰਸੰਗ ਐਸੇ ਰੰਗ ਵਿਚ ਲਿਖਿਆ ਹੈ ਕਿ ਪੜ੍ਹ ਕੇ ਰੋਮ ਰੋਮ ਵਿਚ ਪਿਤਾ ਸਤਿਗੁਰੂ ਬਾਬਾ ਸਾਹਿਬ ਸਿੰਘ ਮਹਾਰਾਜ ਦੋ ਜਹਾਨ ਵਾਲੀ ਦੇ ਦਰਸ਼ਨ ਕਰਵਾ ਦਿਤੇ ਹਨ ਜੀ। ਰਹਿਮਤ ਵਿਚ ਆਵੋ ਤਾਂ ਉਤਰ ਦੇਣਾ ਜੀ। ਸਾਰੀ ਸੰਗਤ ਦੇਵ ਲਾਲੀ ਵਲੋਂ ਸੇਵਕ ਦੀ ਪ੍ਰੇਮ ਭਰੀ ਸਤਿ ਸ੍ਰੀ ਅਕਾਲ ਤੇ ਫਤੇ ਪ੍ਰਵਾਨ ਕਰਨੀ ਜੀ। ਦਰ ਦੇ ਕੂਕਰਾਂ ਨੂੰ ਭੀ ਦਾਸ ਦੀ ਪ੍ਰਣਾਮ ਪਹੁੰਚੇ ਜੀ। ਬੇਟੀ ਦੇ ਪਾਸ ਹੋਣ ਦੀਆਂ ਵਧਾਈਆਂ।

ਆਪ ਜੀ ਦੇ ਜੋੜਿਆਂ ਤੇ ਘੋੜਿਆਂ ਦਾ ਦਾਸ
ਹੁਸ਼ਿਆਰ ਸਿੰਘ

ਅਤਿ ਸਤਿਕਾਰ ਜੋਗ ਪਿਆਰੇ ਬਾਬਾ ਜੀ,

ਆਪ ਜੀ ਦੇ ਪਵਿਤਰ ਚਰਨ ਕਮਲੋਂ ਪਰ ਸੀਸ ਰਖ ਕਰ ਮੱਥਾ ਟੇਕਦੀ ਹਾਂ। ਨਾਦਾਨ ਬੇਟੀ ਦੀ ਨਮਸਕਾਰ ਪਰਵਾਨ ਕਰਨੀ ਜੀ। ਮਹਾਰਾਜ ਜੀ ਬਹੁਤ ਦਿਨ ਬੀਤ ਗਏ ਹਨ ਆਪ ਨੇ ਬੇਟੀ ਕੀ ਖਬਰ ਨਹੀਂ ਲਈ ਹੈ।

ਬੀਬਾ ਵਿਮਲਾ ਦਿਓਲਾਲੀ

# ਗੁਰ-ਵੰਸਾਵਲੀ

## ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਸਿੱਖ ਮੱਤ ਦੇ ਬਾਨੀ

ਬਾਬਾ ਸ੍ਰੀ ਚੰਦ ਜੀ ਉਦਾਸੀ ਸੰਪਰਦਾ ਦੇ ਬਾਨੀ — ਬਾਬਾ ਲਖਮੀ ਚੰਦ ਜੀ

ਬਾਬਾ ਧਰਮ ਚੰਦ ਜੀ

ਬਾਬਾ ਮਾਣਕ ਚੰਦ ਜੀ — ਬਾਬਾ ਮੇਹਰ ਚੰਦ ਜੀ

ਬਾਬਾ ਦਾਤਾਰ ਚੰਦ ਜੀ — ਬਾਬਾ ਜਗਤ ਚੰਦ ਜੀ — ਬਾਬਾ ਹੰਸ ਰਾਜ ਜੀ — ਬਾਬਾ ਅਨਾਇਤ ਚੰਦ ਜੀ

ਬਾਬਾ ਗੁਰਦਿਤਚੰਦ ਜੀ — ਬਾਬਾ ਪਹਾੜਚੰਦ ਜੀ — ਬਾਬਾ ਤਾਰਾਚੰਦ ਜੀ — ਬਾਬਾ ਫਤਹਿ ਚੰਦ ਜੀ — ਬਾਬਾ ਉਦੇ ਚੰਦ ਜੀ

ਬਾਬਾ ਹਰਿਕਰਣ ਚੰਦ ਜੀ — ਬਾਬਾ ਮਨਸਾ ਚੰਦ ਜੀ — ਬਾਬਾ ਆਸਾ ਚੰਦ ਜੀ — ਬਾਬਾ ਸੂਰਜ ਸਿੰਘ ਜੀ

ਬਾਬਾ ਨਿਹਾਲ ਚੰਦ ਜੀ — ਬਾਬਾ ਹਰਜਸ ਜੀ — ਬਾਬਾ ਦੀਪ ਚੰਦ ਜੀ — ਬਾਬਾ ਸੁਖਦੇਵ ਜੀ

ਬਾਬਾ ਕਲਾਧਾਰੀ ਜੀ — ਬਾਬਾ ਲੱਜਾਧਾਰੀ ਜੀ

ਬਾਬਾ ਕੁਇਰਸਿੰਘ ਜੀ — ਬਾਬਾ ਧਰਮਸਿੰਘ ਜੀ — ਬਾਬਾ ਅਜੀਤਸਿੰਘ ਜੀ — ਬਾਬਾ ਸਾਗਰਚੰਦ ਜੀ — ਬਾਬਾ ਅਵਤਾਰਚੰਦ ਜੀ

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ 'ਬੇਦੀ'

ਸ੍ਰੀ ਬਾਬਾ ਬਿਸ਼ਨ ਸਿੰਘ ਜੀ — ਸ੍ਰੀ ਬਾਬਾ ਤੇਗ ਸਿੰਘ ਜੀ — ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ

ਸ੍ਰੀ ਬਾਬਾ ਅਤਰ ਸਿੰਘ ਜੀ — ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ ਜੀ

ਸ੍ਰੀ ਬਾਬਾ ਖੇਮ ਸਿੰਘ ਜੀ — ਸ੍ਰੀ ਹਜ਼ੂਰ ਬਾਬਾ ਰਾਮ ਕਿਸ਼ਨ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ
(ਵਰਤਮਾਨ ਗੱਦੀ ਨਸ਼ੀਨ)

ਟਿੱਕਾ ਸਰਬ ਜੋਤ ਸਿੰਘ ਜੀ

ਆਰ.ਐਨ. 19301/70
ਰਜਿਸਟ੍ਰਡ ਨੰ. ਪੀ. 229

# ਸ੍ਰੀ ਗੁਰੂ ਨਾਨਕ ਦੇਵ ਜੀ
## ਦੇ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ



ਤਾਬਿਆ ਵਿਚ ਆਪ ਦੇ ਸਪੁੱਤਰ ਸੇਵਾਦਾਰ
ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਗੁਰੂ ਅੰਸ਼।